## ਅਧਿਆਇ 11

# ਕੌਮਾਂ ਦਾ ਖਿੰਡਣਾ

11 ਅਧਿਆਇ ਦਾ ਪਹਿਲਾ ਹਿੱਸਾ ਬਾਬਲ ਦੇ ਬੁਰਜ ਦੀ ਕਹਾਣੀ ਦੱਸਦਾ ਹੈ। ਜਲ ਪਰਲੋ ਤੋਂ ਬਾਅਦ, ਹੰਕਾਰੀ ਮਨੁੱਖਾਂ ਨੇ ਆਪਣੇ ਨਾਮ ਪ੍ਰਸਿੱਧ ਕਰਨ ਲਈ ਇੱਕ ਬੁਰਜ ਬਣਾਉਣ ਦੀ ਕੋਸ਼ਿਸ਼ ਕੀਤੀ (11:1-4)। ਫਿਰ ਵੀ, ਪਰਮੇਸ਼ੁਰ ਨੇ ਉਨ੍ਹਾਂ ਦੀਆਂ ਬੋਲੀਆਂ ਨੂੰ ਉਲਟ ਪੁਲਟ ਕਰਕੇ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਨਾਕਾਮ ਕਰ ਦਿੱਤਾ ਅਤੇ ਇਸ ਦੇ ਕਾਰਨ ਉਹ ਸਾਰੀ ਧਰਤੀ ਉੱਤੇ ਫੈਲ ਗਏ (11:5-9)। ਅਧਿਆਇ ਦਾ ਦੂਜਾ ਹਿੱਸਾ ਸ਼ੇਮ ਦੀ ਕੁਲਪੱਤਰੀ ਪੇਸ਼ ਕਰਦਾ ਹੈ ਜੋ ਕਿ ਤਾਰਹ ਦੇ ਤਿੰਨ ਪੁੱਤਰਾਂ ਦੇ ਨਾਵਾਂ ਨਾਲ ਖਤਮ ਹੁੰਦੀ ਹੈ (11:10-32)। ਉਨ੍ਹਾਂ ਤਿੰਨ ਪੁੱਤਰਾਂ ਵਿੱਚੋਂ ਇੱਕ ਪੁੱਤਰ ਅਬਰਾਹਾਮ ਸੀ, ਜਿਸ ਦੇ ਰਾਹੀਂ ਪਰਮੇਸ਼ੁਰ ਸੰਸਾਰ ਉੱਤੇ ਆਪਣੀ ਕਿਰਪਾ ਕਰਨ ਵਾਲਾ ਸੀ।

## ਸੋਭਾ ਲੈਣ ਦੇ ਲਈ ਬੁਰਜ ਬਣਾਉਣਾ (11:1-4)

**1ਸਾਰੀ ਧਰਤੀ ਉੱਤੇ ਇੱਕੋਈ ਬੋਲੀ ਅਤੇ ਇੱਕੋਈ ਭਾਸ਼ਾ ਸੀ। 2ਤੇ ਐਉਂ ਹੋਇਆ ਕਿ ਪੂਰਬ
ਵੱਲ ਜਾਂਦੇ ਹੋਏ ਉਨ੍ਹਾਂ ਨੂੰ ਇੱਕ ਮਦਾਨ ਸਿਨਾਰ ਦੇਸ ਵਿੱਚ ਲੱਭਾ ਅਤੇ ਉੱਥੇ ਓਹ ਵੱਸ ਗਏ। 3ਤਦ
ਉਨ੍ਹਾਂ ਨੇ ਇੱਕ ਦੂਜੇ ਨੂੰ ਆਖਿਆ ਕਿ ਆਓ ਅਸੀਂ ਇੱਟਾਂ ਬਣਾਈਏ ਅਰ ਉਨ੍ਹਾਂ ਨੂੰ ਚੰਗੀ ਤਰਾਂ
ਪਕਾਈਏ। ਸੋ ਉਨ੍ਹਾਂ ਕੋਲ ਪੱਥਰਾਂ ਦੀ ਥਾਂ ਇੱਟਾਂ ਅਰ ਚੂਨੇ ਦੀ ਥਾਂ ਗਾਰਾ ਸੀ। 4ਤਾਂ ਉਨ੍ਹਾਂ ਨੇ
ਆਖਿਆ ਕਿ ਆਓ ਅਸੀਂ ਆਪਣੇ ਲਈ ਇੱਕ ਸ਼ਹਿਰ ਅਰ ਇੱਕ ਬੁਰਜ ਬਣਾਈਏ ਜਿਸ ਦੀ ਟੀਸੀ
ਅਕਾਸ਼ ਤੀਕ ਹੋਵੇ ਅਰ ਆਪਣੇ ਲਈ ਇੱਕ ਨਾਉਂ ਕੱਢੀਏ ਅਜਿਹਾ ਨਾ ਹੋਵੇ ਭਈ ਅਸੀਂ ਸਾਰੀ
ਧਰਤੀ ਉੱਤੇ ਖਿੰਡ ਜਾਈਏ।**

ਢਾਂਚਾ, ਸ਼ੈਲੀ, ਭਾਸ਼ਾ ਅਤੇ ਸ਼ਬਦ ਵਰਤੋਂ ਅਨੁਸਾਰ, ਬਾਬਲ ਦੇ ਬੁਰਜ ਦਾ ਬਿਰਤਾਂਤ ਕਹਾਣੀ ਸੁਣਾਉਣ ਦਾ ਇੱਕ ਸਿੱਧ ਉਦਾਹਰਣ ਹੈ। ਨੂਹ ਅਤੇ ਜਲ ਪਰਲੋ ਦੀ ਕਹਾਣੀ ਤੋਂ ਭਿੰਨ, ਕਿਸੇ ਐਸੀ ਮੱਧ ਪੂਰਬੀ ਲਿਖਤ ਦੀ ਖੋਜ ਨਹੀਂ ਕੀਤੀ ਗਈ ਜੋ ਕਿ ਅਸਧਾਰਣ ਤਰੀਕੇ ਨਾਲ ਬਾਬਲ ਦੇ ਬੁਰਜ ਬਾਰੇ ਬਾਈਬਲ ਦੇ ਬਿਰਤਾਂਤ ਸਮਾਨ ਹੋਵੇ। ਸਭ ਤੋਂ ਨਜ਼ਦੀਕੀ ਸਮਾਨਤਾ ਪ੍ਰਾਚੀਨ ਮਸੋਪੋਤਾਮੀਆ ਲਿਖਤ ਹੈ ਜਿਸ ਨੂੰ *ਇਨੂਮਾ ਐਲਿਸ਼* ਜਾਂ *ਦ ਕਰੀਏਸ਼ਨ ਐਪਿਕ* ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਹ ਬਾਬਲ ਦੇ ਦੇਵਤਿਆਂ ਦੀ ਰਚਨਾ ਅਤੇ ਇਸ ਦੇ ਵੱਡੇ-ਵੱਡੇ ਬੁਰਜਾਂ ਵਰਗੇ ਮੰਦਰ ("ਬੁਰਜ ਵਰਗਾ ਮੰਚ," ਜਾਂ ਮੰਦਰ ਦਾ ਬੁਰਜ), ਜਿਸ ਦੇ ਵਿੱਚ ਮਰਦੂਕ ਦੇ ਲਈ ਇੱਕ ਸਿੰਘਾਸਣ ਬਣਿਆ ਹੋਇਆ ਸੀ ਜਿਹੜਾ ਦੇਵਤਿਆਂ ਦਾ ਰਾਜਾ ਹੈ। ਮੰਨਿਆ ਜਾਂਦਾ ਹੈ ਕਿ ਇਹ "ਪਵਿੱਤਰ ਅਸਥਾਨ" ਬਣਨ ਦੇ ਲਈ ਅਕਾਸ਼ ਜਿੰਨਾ ਉੱਚਾ ਬਣਾਇਆ ਗਿਆ ਸੀ, ਜਿਹੜਾ ਕਿ ਦੇਵਤਿਆਂ ਦੇ ਜਸ਼ਨ ਮਨਾਉਣ ਦੀ ਥਾਂ ਸੀ, ਜਿੱਥੇ ਉਹ ਤਿਉਹਾਰ ਦੇ ਸਮੇਂ ਖਾਂਦੇ ਪੀਂਦੇ ਅਤੇ ਦਾਅਵਤਾਂ ਕਰਦੇ ਅਤੇ ਨਵੇਂ ਸਾਲ ਦੇ ਤਿਉਹਾਰ ਦੌਰਾਨ ਅਰਾਮ ਕਰਦੇ ਸਨ।[1]

ਇਸ ਤੋਂ ਇਲਾਵਾ, ਸੁਮੇਰਿਅਨ ਲਿਖਤ[2] ਇੱਕ ਸਮੇਂ ਦਾ ਜ਼ਿਕਰ ਕਰਦੀ ਹੈ ਜਦੋਂ ਸਾਰੇ

ਆਦਮੀ ਇੱਕੋ ਜਿਹੀ ਭਾਸ਼ਾ ਜਾਂ ਬੋਲੀ ਬੋਲਣਗੇ, ਪਰ ਇਸ ਬਾਰੇ ਕੋਈ ਆਮ ਸਹਿਮਤੀ ਨਹੀਂ ਹੈ ਕਿ ਮਨੁੱਖਜਾਤੀ ਦੀ ਸਾਂਝੀ ਭਾਸ਼ਾ ਭੂਤਕਾਲ ਵਿੱਚੋਂ ਇੱਕ ਅਨੁਭਵ ਦੇ ਰੂਪ ਵਿੱਚ ਸੀ ਜਾਂ ਆਉਣ ਵਾਲੇ ਭਵਿੱਖ ਵਿੱਚ ਇਸ ਦੀ ਉਡੀਕ ਕੀਤੀ ਜਾਣੀ ਸੀ। ਇਸ ਤੇ ਨਿਰਭਰ ਹੁੰਦੇ ਹੋਏ ਕਿ ਕਿਵੇਂ ਸੁਮੇਰਿਅਨ ਬਿਰਤਾਂਤ ਦੀ ਵਿਆਖਿਆ ਕੀਤੀ ਗਈ ਹੈ, ਕਿਹਾ ਜਾਂਦਾ ਹੈ ਕਿ ਭਾਸ਼ਾ ਦਾ ਉਲਟ ਪੁਲਟ ਹੋਣਾ ਐਨਲਿਲ ਅਤੇ ਐਂਕੀ ਨਾਂ ਦੇ ਦੋ ਪ੍ਰਮੁੱਖ ਦੇਵਤਿਆਂ ਵਿਚਕਾਰ ਦੁਸ਼ਮਣੀ ਦਾ ਨਤੀਜਾ ਸੀ, ਜਾਂ ਦੇਵਤਿਆਂ ਦੇ ਆਕਰਮਕ ਹੋਣ ਦਾ ਨਤੀਜਾ ਸੀ ਕਿਉਂਕਿ ਇਸ ਨੇ ਆਦਮੀਆਂ ਨੂੰ ਮਹਾਨ ਦੇਵਤਾ ਐਨਲਿਲ ਦੀ ਪੂਜਾ ਕਰਨ ਤੋਂ ਰੋਕਿਆ ਸੀ।[3]

ਇਹ ਦੋਵੇਂ ਲਿਖਤਾਂ ਬਾਈਬਲ ਦੀ ਕਹਾਣੀ ਤੋਂ ਬਹੁਤ ਵੱਖਰੀਆਂ ਹਨ। ਬਾਬਲ ਦੀ ਕਹਾਣੀ ਸਾਨੂੰ ਦੱਸਦੀ ਹੈ ਕਿ ਦੇਵਤਿਆਂ ਨੇ ਇੱਕ ਸਾਲ ਦੇ ਲਈ ਇੱਟਾਂ ਬਣਾਈਆਂ ਅਤੇ ਫਿਰ ਉਨ੍ਹਾਂ ਨੇ ਆਪਣੇ ਜਸ਼ਨ ਅਤੇ ਵਿਸ਼ਰਾਮ ਦੇ ਲਈ ਬੁਰਜ ਬਣਾਇਆ। ਉਤਪਤ ਵਿੱਚ, ਇਹ ਸਪੱਸ਼ਟ ਹੈ ਕਿ ਮਨੁੱਖਾਂ ਨੇ ਇੱਟਾਂ ਬਣਾਈਆਂ ਅਤੇ ਏਕਤਾ ਬਰਕਰਾਰ ਰੱਖਣ ਅਤੇ ਆਪਣੇ ਆਪ ਦਾ ਨਾਂ ਪ੍ਰਸਿੱਧ ਕਰਨ ਦੀ ਵਿਅਰਥ ਕੋਸ਼ਿਸ਼ ਵਿੱਚ ਬੁਰਜ ਬਣਾਇਆ। ਬਾਬਲ ਦਾ ਬਿਰਤਾਂਤ ਪਰਤੱਖ ਰੂਪ ਵਿੱਚ ਮਨੁੱਖ ਦਾ ਉਹ ਤਰੀਕਾ ਸੀ ਜਿਸ ਨਾਲ ਉਹ ਆਪਣੇ ਆਪ ਨੂੰ ਉੱਚਾ ਕਰਨ, ਸਗੋਂ ਆਪਣੇ ਆਪ ਨੂੰ ਬਚਾਉਣ ਦੇ ਲਈ ਪਰਮੇਸ਼ੁਰ ਅਤੇ ਮਨੁੱਖਾਂ ਵਿਚਕਾਰ ਜੋ ਖੱਡ ਸੀ ਉਸ ਨੂੰ ਭਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਤੋਂ ਇਲਾਵਾ, ਉਤਪਤ ਵਿੱਚ ਇਹ ਸਪੱਸ਼ਟ ਹੈ ਕਿ ਭਾਸ਼ਾ ਦਾ ਉਲਟ ਪੁਲਟ ਹੋਣਾ ਇੱਕੋ ਸੱਚੇ ਪਰਮੇਸ਼ੁਰ ਦੇ ਵੱਲੋਂ ਇੱਕ ਨਿਆਂ ਦੇ ਨਤੀਜੇ ਵਜੋਂ ਸੀ, ਨਾ ਕਿ ਦੇਵਤਿਆਂ ਵਿੱਚ ਮੁਕਾਬਲਾ ਇਸ ਦੀ ਵਜ੍ਹਾ ਸੀ। ਭਾਸ਼ਾ ਦਾ ਉਲਟ ਪੁਲਟ ਹੋਣਾ ਮਨੁੱਖੀ ਹੰਕਾਰ ਅਤੇ ਘਮੰਡ ਦੇ ਲਈ ਰੱਬੀ ਸਜ਼ਾ ਸੀ ਅਤੇ ਇਸ ਦੇ ਨਾਲ-ਨਾਲ ਇਹ ਜਲ ਪਰਲੋ ਤੋਂ ਬਾਅਦ ਮਨੁੱਖ ਦੁਆਰਾ ਰੱਬੀ ਹੁਕਮ ਦਾ ਪਾਲਣ ਕਰਨ ਦੇ ਲਈ ਖਿੰਡਣ ਅਤੇ ਧਰਤੀ ਨੂੰ ਭਰਨ ਤੋਂ ਇਨਕਾਰ ਕਰਨ ਦੇ ਨਤੀਜੇ ਵਜੋਂ ਹੋਇਆ ਸੀ (9:1, 7)।

**ਆਇਤ 1.** ਅਧਿਆਇ ਇਸ ਕਥਨ ਨਾਲ ਸ਼ੁਰੂ ਹੁੰਦਾ ਹੈ ਕਿ ਸਾਰੀ **ਧਰਤੀ ਉੱਤੇ ਇੱਕੋਈ ਬੋਲੀ ਅਤੇ ਇੱਕੋਈ ਭਾਸ਼ਾ ਸੀ**; ਫਿਰ ਵੀ, ਅਧਿਆਇ 10 ਵਿੱਚ ਤਿੰਨ ਵਾਰ ਦੱਸਿਆ ਗਿਆ ਹੈ ਕਿ ਮਨੁੱਖ ਵੱਖ-ਵੱਖ ਬੋਲੀਆਂ ਬੋਲਦੇ ਸਨ (10:5, 20, 31)। ਜਿਵੇਂ ਕਿ ਅਸੀਂ ਪਹਿਲਾਂ ਵੀ ਵੇਖ ਚੁੱਕੇ ਹਾਂ, ਯਾਫ਼ਥ, ਹਾਮ ਅਤੇ ਸ਼ੇਮ ਦੀਆਂ ਕੁਲਪੱਤਰੀਆਂ ਚੋਣਵੀਆਂ ਹਨ ਅਤੇ ਵਿਆਪਕ ਨਹੀਂ ਹਨ। ਯਾਫ਼ਥ, ਹਾਮ ਦੇ ਵੰਸ਼ ਸਿਰਫ ਤਿੰਨ ਅਤੇ ਚਾਰ ਪੀੜ੍ਹੀਆਂ ਤੱਕ ਵੇਖੇ ਗਏ ਹਨ, ਜਦ ਕਿ ਸ਼ੇਮ ਦੀ ਸੰਤਾਨ ਛੇ ਪੀੜ੍ਹੀਆਂ ਤੱਕ ਵੇਖੀ ਗਈ ਹੈ।

ਪਹਿਲੀਆਂ ਦੋ ਕੁਲਪੱਤਰੀਆਂ ਦੇ ਅੰਤ ਵਿੱਚ ਸਾਰ ਕਥਨਾਂ ਨੂੰ ਉਸੇ ਤਰ੍ਹਾਂ ਸਮਝਿਆ ਜਾਣਾ ਚਾਹੀਦਾ ਹੈ ਕਿ ਜਿਵੇਂ ਕਿ ਸ਼ੇਮ ਦੀ ਕੁਲਪੱਤਰੀ ਦੇ ਅੰਤ ਵਿੱਚ ਸਾਰ ਵਾਲੇ ਕਥਨ ਨੂੰ ਸਮਝਿਆ ਜਾਂਦਾ ਹੈ। ਬਾਅਦ ਵਾਲੀ ਕੁਲਪੱਤਰੀ ਕਹਿੰਦੀ ਹੈ ਕਿ ਇਹ ਪਲਗ ਦੇ ਦਿਨਾਂ ਵਿੱਚ ਹੋਇਆ ਸੀ ਕਿ "ਧਰਤੀ ਵੰਡੀ ਗਈ" (10:25) ਅਤੇ ਇਹ ਧਰਤੀ ਦੇ ਵੱਖ-ਵੱਖ ਇਲਾਕਿਆਂ ਦਾ ਹਵਾਲਾ ਦਿੰਦਾ ਹੋਵੇਗਾ ਜਿਨ੍ਹਾਂ ਵੱਲ ਨੂੰ ਬਾਬਲ ਦੇ ਬੁਰਜ ਤੋਂ ਬਾਅਦ ਮਨੁੱਖਜਾਤੀ ਖਿੰਡ ਗਈ ਸੀ। ਲੇਖਕ ਨੇ ਇਸ ਬਿਰਤਾਂਤ ਦਾ ਸਾਰ ਪੇਸ਼ ਕਰਨ ਤੋਂ ਪਹਿਲਾਂ ਸ਼ੇਮ ਦੀ ਵੰਸ਼ਾਵਲੀ ਵਿੱਚ ਪਲਗ ਤੋਂ ਬਾਅਦ ਵਾਧੂ ਨਾਮ ਦੇਣ ਦੇ ਲਈ ਇਹ ਕਹਿੰਦੇ ਹੋਏ ਆਪਣੀ ਗੱਲ ਨੂੰ ਜਾਰੀ ਰੱਖਿਆ ਕਿ ਉਸ ਦਾ ਵਰਣਨ "ਉਨ੍ਹਾਂ ਦੇ ਘਰਾਣਿਆਂ" ਅਤੇ "ਉਨ੍ਹਾਂ ਦੀਆਂ ਬੋਲੀਆਂ" ਦੇ ਅਨੁਸਾਰ ਸੀ (10:20, 31)।

ਲੇਖਕ ਦਾ ਉਦੇਸ਼ ਪਰਤੱਖ ਰੂਪ ਵਿੱਚ ਕਾਲਕ੍ਰਮ ਬਿਰਤਾਂਤ ਦੇਣਾ ਨਹੀਂ ਸੀ ਕਿ ਕਦੋਂ ਯਾਫ਼ਥ ਅਤੇ ਹਾਮ ਦੇ ਵੰਸ਼ਾਂ ਨੇ ਵੱਖ-ਵੱਖ ਭਾਸ਼ਾ ਬੋਲੀ ਸੀ। ਉਸ ਨੇ ਸਿਰਫ ਇਹ ਸਿੱਟਾ ਕੱਢਿਆ ਕਿ ਦਿੱਤੀ ਗਈ ਕੁਲਪੱਤਰੀ ਦੇ ਅੰਤ ਵਿੱਚ – ਫਿਰ ਵੀ ਬਹੁਤ ਸਾਰੀਆਂ ਪੀੜ੍ਹੀਆਂ ਸ਼ਾਮਲ ਕੀਤੀਆਂ

ਗਈਆਂ ਸਨ – ਨੂਹ ਦੇ ਪੁੱਤਰਾਂ ਦੀ ਸੰਤਾਨ ਘਰਾਣਿਆਂ, ਬੋਲੀਆਂ, ਦੇਸ਼ਾਂ ਅਤੇ ਕੌਮਾਂ ਦੇ ਰਾਹੀਂ ਪਛਾਣੀ ਗਈ ਸੀ। ਚੋਣਾਤਮਕ ਤਰੀਕੇ ਨਾਲ ਨੂਹ ਦੇ ਪੁੱਤਰਾਂ ਦੀਆਂ ਕੁਲਪੱਤਰੀਆਂ ਦਾ ਪਤਾ ਲਗਾਉਣ ਤੋਂ ਬਾਅਦ, ਲੇਖਕ ਬਾਈਬਲ ਦੀ ਕਹਾਣੀ ਨੂੰ ਅੱਗੇ ਜਾਰੀ ਰੱਖਣ ਦੇ ਲਈ ਤਿਆਰ ਸੀ।

**ਆਇਤ 2.** ਜਲ ਪਰਲੋ ਤੋਂ ਬਾਅਦ ਨੂਹ ਦੇ ਵੰਸ਼ ਵਧਦੇ ਗਏ, **ਉਹ ਪੂਰਬ ਵੱਲ ਗਏ**। "ਪੂਰਬ" (מִקֶּדֶם, *ਮਿੱਕੇਦੇਮ*) ਸ਼ਬਦ ਦਾ ਅਨੁਵਾਦ ਵੱਖ-ਵੱਖ ਤਰੀਕਿਆਂ ਨਾਲ ਕੀਤਾ ਜਾ ਚੁੱਕਾ ਹੈ: "ਪੂਰਬ ਦੀ ਵੱਲ" (NJB), "ਪੂਰਬ ਨੂੰ" (NLT), "ਪੂਰਬ ਤੋਂ" (KJV; NRSV; ESV) ਅਤੇ "ਪੂਰਬ ਵਿੱਚ" (NAB; NEB; REB)। NIV ਬਾਈਬਲ ਇਸ ਹਵਾਲੇ ਵਿੱਚ ਸ਼ਬਦ ਦੇ ਸੰਖੇਪ ਅਰਥ ਨੂੰ ਜਾਣਨ ਦੀ ਸਮੱਸਿਆ ਦੀ ਮਿਸਾਲ ਦਿੰਦੀ ਹੈ: ਇਹ ਮੂਲ ਲਿਖਤ ਨੂੰ "ਪੂਰਬ ਦੀ ਵੱਲ" ਦੇ ਰੂਪ ਵਿੱਚ ਪੇਸ਼ ਕਰਦੀ ਹੈ ਪਰ ਇੱਕ ਫੁੱਟਨੋਟ ਵਿੱਚ ਵਿਕਲਪਕ ਸੰਭਾਵਨਾਵਾਂ ਦੇ ਰੂਪ ਵਿੱਚ "ਪੂਰਬ ਵੱਲੋਂ" ਅਤੇ "ਪੂਰਬ ਵਿੱਚ" ਅਰਥ ਦਿੰਦੀ ਹੈ। "ਪੂਰਬ ਵੱਲ" ਜਾਂ "ਪੂਰਬ ਵੱਲ ਨੂੰ" ਉਤਪਤ 13:11 ਵਿੱਚ ਉਸੇ ਇਬਰਾਨੀ ਸ਼ਬਦ ਦੀ ਵਰਤੋਂ ਦੇ ਅਨੁਰੂਪ ਹੈ, ਜਿੱਥੇ ਲੂਤ ਨੇ ਕਨਾਨ ਦੇ ਪਹਾੜੀ ਦੇਸ ਨੂੰ ਛੱਡਣ ਦਾ ਫ਼ੈਸਲਾ ਕੀਤਾ ਅਤੇ ਸਦੂਮ ਦੀ ਵੱਲ ਨੂੰ "ਪੂਰਬ ਵੱਲ ਗਿਆ।"[4]

ਸੰਭਵ ਤੌਰ ਤੇ ਇਹੀ ਵਰਣਨ ਹੈ ਕਿਉਂਕਿ **ਸਿਨਾਰ ਦੇਸ਼** ਬੈਬੀਲੋਨੀਆ (ਜਾਂ ਬਾਬਲ[5]) ਦਾ ਦੂਜਾ ਨਾਮ ਹੈ। ਇਹ ਅਰਾਰਾਤ ਦੀਆਂ ਪਹਾੜੀਆਂ ਦੇ ਦੱਖਣ ਵੱਲ ਸੀ, ਜਿੱਥੇ ਕਿਸ਼ਤੀ ਜਾ ਕੇ ਟਿਕੀ ਸੀ। ਨੂਹ ਦਾ ਪਰਿਵਾਰ ਉੱਥੋਂ ਵੱਡੇ ਮਸੋਪੋਤਾਮੀਆ ਦੀ ਵਾਦੀ ਵਾਲੇ ਇਲਾਕੇ ਵਿੱਚ ਗਿਆ ਸੀ। ਉਹ ਪਰਤੱਖ ਰੂਪ ਵਿੱਚ ਬਾਬਲ ਦੇ ਪੂਰਬ (ਦੱਖਣ ਪੂਰਬ) ਵੱਲ ਦੇ ਇਲਾਕੇ ਨੂੰ ਗਏ ਸਨ ਅਤੇ ਉਸ **ਮਦਾਨ** ਵਿੱਚ **ਵੱਸ ਗਏ ਸਨ**। ਲੇਖਕ ਦੇ ਦ੍ਰਿਸ਼ਟੀਕੋਣ ਤੋਂ, ਕਨਾਨ ਦੇਸ ਦੇ ਨੇੜੇ ਜਾਂ ਕਨਾਨ ਵਿੱਚ ਲਿਖਣ ਤੋਂ ਉਸ ਦਾ ਭਾਵ ਸੀ ਕਿ ਸਿਨਾਰ ਦਾ ਪੂਰਾ ਇਲਾਕਾ ਜੋ ਪੂਰਬ ਵਿੱਚ ਸੀ ਉੱਥੇ ਨੂਹ ਦਾ ਪਰਿਵਾਰ ਵੱਸਿਆ ਹੋਇਆ ਸੀ।

**ਆਇਤ 3.** ਇਹ ਆਇਤ ਲੋਕਾਂ ਦੀ ਇੱਕ ਚਰਚਾ ਨੂੰ ਪੇਸ਼ ਕਰਦੀ ਹੈ ਜਦੋਂ ਉਨ੍ਹਾਂ ਨੇ ਉਸ ਬੁਰਜ ਨੂੰ ਬਣਾਉਣ ਦੀ ਪਰਿਯੋਜਨਾ ਬਾਰੇ ਵਿਉਂਤ ਬਣਾਈ। ਉਹ ਦੇਸ ਜਿੱਥੇ ਪੱਥਰ ਬਹੁਤ ਹੀ ਦੁਰਲੱਭ ਸਨ, ਉਨ੍ਹਾਂ ਨੇ ਇੱਕ ਦੂਜੇ ਨੂੰ ਏਕਾ ਕਰਨ ਅਤੇ **ਇੱਟਾਂ ਬਣਾਉਣ** ਅਤੇ ਭੱਠੇ ਵਿੱਚ ਚੰਗੀ ਤਰ੍ਹਾਂ **ਉਨ੍ਹਾਂ ਨੂੰ ਪਕਾਉਣ** ["ਅੱਗ" ਨਾਲ] ਦੇ ਲਈ ਉਤਸ਼ਾਹਿਤ ਕੀਤਾ। **ਉਨ੍ਹਾਂ ਨੇ ਚੂਨੇ ਦੀ ਥਾਂ ਗਾਰਾ** [ਜਾਂ "ਰਾਲ"] **ਇਸਤੇਮਾਲ ਕੀਤਾ** ਕਿਉਂਕਿ ਇਹ ਦੱਖਣ-ਫ਼ਰਾਤ ਦੀ ਵਾਦੀ ਵਿੱਚ ਅਸਾਨੀ ਨਾਲ ਉਪਲਬਧ ਸੀ। ਮੂਲ ਲਿਖਤ ਦੱਸਦੀ ਹੈ ਕਿ ਉਨ੍ਹਾਂ ਨੇ "ਸਖ਼ਤ ਇੱਟਾਂ" ਦਾ ਇਸਤੇਮਾਲ ਕੀਤਾ ਸੀ ਜਿਵੇਂ ਕਿ ਉਹ **ਪੱਥਰ** ਸਨ। ਇਹ ਸੂਰਜ ਹੇਠ ਪਕਾਈਆਂ ਗਈਆਂ ਇੱਟਾਂ ਨਾਲੋਂ ਜ਼ਿਆਦਾ ਮਜ਼ਬੂਤ ਸਨ ਜੋ ਕਿ ਪ੍ਰਾਚੀਨ ਮਸੋਪੋਤਾਮੀਆ ਦੀਆਂ ਕਛਾਰੀ ਵਾਦੀਆਂ ਵਿੱਚ ਘਰਾਂ ਅਤੇ ਹੋਰ ਨਿੱਜੀ ਇਮਾਰਤਾਂ ਨੂੰ ਬਣਾਉਣ ਦੇ ਲਈ ਆਮ ਤੌਰ ਤੇ ਵਰਤੀਆਂ ਜਾਂਦੀਆਂ ਸਨ।

**ਆਇਤ 4.** ਫੇਰ, ਲੋਕਾਂ ਨੇ ਇੱਕ ਦੂਜੇ ਨੂੰ ਇਸ ਪਰਿਯੋਜਨਾ ਵਿੱਚ ਸ਼ਾਮਲ ਹੋਣ ਅਤੇ **ਇੱਕ ਸ਼ਹਿਰ ਅਰ ਇੱਕ ਬੁਰਜ** ਬਣਾਉਣ ਦੀ ਸਲਾਹ ਦਿੱਤੀ **ਜਿਸ ਦੀ ਟੀਸੀ ਅਕਾਸ਼ ਤੀਕ ਹੋਵੇ**। ਇਸ ਪਰਿਯੋਜਨਾ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ ਕਿ ਇਹ ਸ਼ਹਿਰ ਦਾ ਇੱਕ ਬਹੁਤ ਵੱਡਾ ਮਜ਼ਬੂਤ ਬੁਰਜ ਸੀ ਜਿਸ ਦਾ ਉਦੇਸ਼ ਹਮਲਾ ਕਰਨ ਵਾਲੀਆਂ ਫੌਜਾਂ ਦੇ ਵਿਰੁੱਧ ਸੁਰੱਖਿਆ ਪ੍ਰਦਾਨ ਕਰਨਾ ਸੀ। "ਬੁਰਜ" (מִגְדָּל, *ਮਿਗਦਾਲ*) ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਅੱਗੇ ਚੱਲ ਕੇ ਇਸ ਤਰੀਕੇ ਨਾਲ ਵਰਤਿਆ ਗਿਆ ਸੀ (ਨਿਆਈਆਂ 8:9, 17; 9:46-52; ਜ਼ਬੂਰ 48:12; 61:3; ਹਿਜ਼ਕੀਏਲ 26:4, 9)। ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਨੂਹ ਦੇ ਸਾਰੇ ਵੰਸ਼ ਇਸ ਪਰਿਯੋਜਨਾ ਵਿੱਚ ਸ਼ਾਮਲ ਸਨ। ਕਿਉਂਕਿ ਜਲ ਪਰਲੋ ਤੋਂ ਬਾਅਦ ਧਰਤੀ ਉੱਤੇ ਹੋਰ ਲੋਕ ਮੌਜੂਦ ਨਹੀਂ ਸਨ, ਨੂਹ ਦਾ ਵੱਡਾ ਪਰਿਵਾਰ ਸ਼ਾਇਦ ਇਸ ਰੱਖਿਆਤਮਕ

ਬੁਰਜ ਨੂੰ ਬਣਾਉਣ ਦੀ ਕੋਸ਼ਿਸ਼ ਨਹੀਂ ਸੀ ਕਰ ਰਿਹਾ।

ਬਾਬਲ ਦਾ ਬੁਰਜ ਸ਼ਾਇਦ ਬਾਬਲ ਦਾ ਸਭ ਤੋਂ ਪਹਿਲਾ ਮੀਨਾਰ ਸੀ ਜੋ ਕਿ ਇੱਕ ਕਿਸਮ ਦਾ ਪੌੜ੍ਹੀਆਂ ਵਾਂਗ ਬਣਿਆ ਹੋਇਆ ਮੀਨਾਰ ਸੀ। ਇਹ ਇੱਕ ਕਬਰ ਨਹੀਂ ਸੀ, ਜਿਵੇਂ ਕਿ ਪ੍ਰਾਚੀਨ ਮਿਸਰ ਵਿੱਚ ਬਾਕੀ ਸਾਰੇ ਮੀਨਾਰ ਬਣੇ ਸਨ। ਇਹ ਪਰਤੱਖ ਰੂਪ ਵਿੱਚ ਇੱਕ ਮੰਦਰ ਸੀ। ਪ੍ਰਾਚੀਨ ਮਸੋਪੋਤਾਮੀਆ ਵਿੱਚ ਲੋਕ ਮੀਨਾਰ ਨੂੰ ਅਕਾਸ਼ ਅਤੇ ਧਰਤੀ ਨੂੰ ਜੋੜਨ ਵਾਲੀ ਇੱਕ ਕੜੀ ਦੇ ਰੂਪ ਵਿੱਚ ਵੇਖਦੇ ਸਨ। ਨਵੇਂ ਸਾਲ ਵਾਲੇ ਦਿਨ, ਉਨ੍ਹਾਂ ਪੌੜੀਆਂ ਥਾਣੀਂ ਮੰਦਰ ਦੀ ਟੀਸੀ ਤੱਕ ਜਾ ਕੇ ਅਤੇ ਮੁੱਖ ਦੇਵਤਾ ਦੇ ਹੱਥ ਨੂੰ ਫੜ ਕੇ, ਉਸ ਸ਼ਹਿਰ-ਸੂਬੇ ਦੇ ਲਈ ਰਾਜਾ ਆਉਣ ਵਾਲੇ ਸਾਲ ਦੇ ਲਈ ਆਪਣੇ ਰਾਜ ਦੇ ਲਈ ਸ਼ਾਂਤੀ, ਖੁਸ਼ਹਾਲੀ ਅਤੇ ਬਰਕਤਾਂ ਮੰਗਦਾ ਸੀ।

ਆਰੰਭਕ ਬਿਰਤਾਂਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਬਾਬਲ ਵਿੱਚ ਜੋ ਮੀਨਾਰ ਸੀ ਸੱਚਮੁੱਚ ਇੱਕ ਬਹੁਤ ਵੱਡਾ ਢਾਂਚਾ ਸੀ। ਪੰਜਵੀਂ ਸਦੀ ਈਸਾ ਪੂਰਵ ਵਿੱਚ ਹੇਰੋਦੋਤੁਸ ਨਾਂ ਦੇ ਇੱਕ ਇਤਹਾਸਕਾਰ ਨੇ ਕਿਹਾ ਸੀ ਕਿ ਬੁਰਜ ਦੇ ਅੱਠ ਪੜਾਅ ਸਨ।[6] ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਸ ਦੀ ਉਚਾਈ ਦੋ ਤੋਂ ਤਿੰਨ ਸੌ ਫੁੱਟ ਸੀ। ਅਜਿਹੇ ਅੰਦਾਜ਼ੇ ਸਾਨੂੰ ਹੈਰਾਨ ਕਰ ਸਕਦੇ ਹਨ ਕਿ ਇਹ ਅੱਤਕਥਨੀ ਹੈ; ਪਰ ਬਾਅਦ ਵਿੱਚ ਬਣੇ ਮੰਦਰ ਦੇ ਬੁਰਜ ਇੰਨੀ ਉਚਾਈ ਤੱਕ ਪਹੁੰਚੇ ਸੀ ਕਿ ਬਾਬਲ ਦਾ ਅਸਲੀ ਬੁਰਜ ਨਿਸ਼ਚਤ ਤੌਰ ਤੇ ਬਹੁਤ ਹੀ ਛੋਟਾ ਨਮੂਨਾ ਸੀ। ਅਸਲ ਵਿੱਚ, ਬਾਈਬਲ ਦੇ ਬਿਰਤਾਂਤ ਵਿੱਚ ਆਕਾਰ ਮਾਇਨੇ ਨਹੀਂ ਸੀ ਰੱਖਦਾ; ਮੂਲ ਲਿਖਤ ਦੇ ਲੇਖਕ ਦੇ ਲਈ ਇਸ ਬੁਰਜ ਦਾ ਉਦੇਸ਼ ਮਹੱਤਵਪੂਰਣ ਸੀ। ਲੋਕ ਨਾ ਸਿਰਫ ਪਰਮੇਸ਼ੁਰ ਨਾਲ ਹੇਰ-ਫੇਰ ਕਰ ਰਹੇ ਸਨ, ਪਰ ਉਹ ਆਪਣੇ ਆਪ ਲਈ **ਇੱਕ ਨਾਉਂ ਕੱਢਣਾ** ਚਾਹੁੰਦੇ ਹਨ, ਤਾਂ ਕਿ ਅਜਿਹਾ ਨਾ ਹੋਵੇ ਭਈ ਉਹ **ਸਾਰੇ ਧਰਤੀ ਉੱਤੇ ਖਿੰਡ ਜਾਣ**।

ਇੱਕ ਵਾਰ ਫੇਰ, ਇਹ ਵੱਡੀ ਇਮਾਰਤ ਨੂੰ ਪੂਰਾ ਕਰਨ ਦੁਆਰਾ ਆਪਣੇ ਆਪ ਦੇ ਲਈ "ਨਾਉਂ" (ਜਾਂ ਰੁਤਬਾ[7]) ਬਣਾਉਣ ਦੀ ਕੋਸ਼ਿਸ਼ ਵਿੱਚ ਉਨ੍ਹਾਂ ਦੀ ਪ੍ਰੇਰਣਾ ਘਮੰਡ ਸੀ। ਪਰਤੱਖ ਰੂਪ ਵਿੱਚ ਉਨ੍ਹਾਂ ਦਾ ਮੰਨਣਾ ਸੀ ਕਿ ਉਹ ਅਕਾਸ਼ ਅਤੇ ਧਰਤੀ ਵਿਚਕਾਰ ਜੋ ਖਾਈ ਹੈ ਉਸ ਨੂੰ ਭਰ ਸਕਦੇ ਸੀ ਅਤੇ ਆਪਣੇ ਕੰਮਾਂ ਦੇ ਨਾਲ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੇ ਦੁਆਰਾ ਉਨ੍ਹਾਂ ਦੀ ਆਪਣੀ ਮੁਕਤੀ ਨੂੰ ਪੱਕਾ ਕਰ ਸਕਦੇ ਸਨ।

ਉਸ ਪ੍ਰਾਚੀਨ ਸਮਾਜ ਵਿੱਚ ਏਕਤਾ ਦੀ ਕਮੀ ਦੇ ਬੀਜ ਪਹਿਲਾਂ ਤੋਂ ਹੀ ਮੌਜੂਦ ਸਨ; ਸ਼ਾਇਦ ਉਨ੍ਹਾਂ ਨੇ ਸੋਚਿਆ ਸੀ ਕਿ ਉਨ੍ਹਾਂ ਦੇ ਇਹ ਕਾਰਨਾਮੇ ਦੀ ਪ੍ਰਾਪਤੀ ਉਨ੍ਹਾਂ ਨੂੰ ਏਕਤਾ ਵਿੱਚ ਰਹਿਣ ਦੇ ਲਈ ਜੋੜਨ ਦਾ ਕੰਮ ਕਰੇਗੀ। ਜਦ ਕਿ ਇਹ ਨਿਸ਼ਚਤ ਹੈ ਕਿ ਪਰਮੇਸ਼ੁਰ ਹਮੇਸ਼ਾ ਆਪਣੇ ਲੋਕਾਂ ਵਿੱਚ ਸੱਚੀ ਏਕਤਾ ਚਾਹੁੰਦਾ ਹੈ, ਉਹ ਨਿਸ਼ਚਤ ਤੌਰ ਤੇ ਇਹ ਨਹੀਂ ਸੀ ਚਾਹੁੰਦਾ ਕਿ ਨੂਹ ਦੇ ਵੰਸ਼ ਇਕੱਠੇ ਰਹਿਣ ਅਤੇ ਇਸ ਬੁਰਜ ਨੂੰ ਬਣਾਉਣ ਦੇ ਲਈ ਇੱਕ ਦੂਜੇ ਦਾ ਸਹਿਯੋਗ ਦੇਣ। ਅਕਾਸ਼ ਅਤੇ ਧਰਤੀ ਦਾ ਪ੍ਰਭੂ ਹੋਣ ਦੇ ਨਾਤੇ, ਉਹ ਜਾਣਦਾ ਸੀ ਕਿ ਮਨੁੱਖ ਦੇ ਮਨ ਦੇ ਵਿਚਾਰਾਂ ਦੀ ਹਰ ਇੱਕ ਭਾਵਨਾ ਬੁਰੀ ਹੀ ਰਹਿੰਦੀ ਹੈ (6:5)। ਇਨ੍ਹਾਂ ਨੇ ਲੋਕਾਂ ਨੇ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕੀਤੀ ਸੀ, ਕਿਉਂਕਿ ਉਹ ਇੱਕੋ ਸ਼ਹਿਰ ਵਿੱਚ ਵੱਸਣ ਦੇ ਰਾਹੀਂ ਉਸ ਰੱਬੀ ਹੁਕਮ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜੋ ਯਹੋਵਾਹ ਨੇ ਉਨ੍ਹਾਂ ਨੂੰ ਜਲ ਪਰਲੋ ਤੋਂ ਬਾਅਦ ਦਿੱਤਾ ਸੀ ਕਿ "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (9:1)।

## ਮਨੁੱਖ ਦੇ ਘਮੰਡ ਦੇ ਲਈ ਪਰਮੇਸ਼ੁਰ ਦੀ ਸਜ਼ਾ (11:5-9)

**5ਤਾਂ ਯਹੋਵਾਹ ਉਸ ਸ਼ਹਿਰ ਅਰ ਬੁਰਜ ਨੂੰ ਜਿਹ ਨੂੰ ਆਦਮ-ਵੰਸ ਨੇ ਬਣਾਇਆ ਸੀ ਵੇਖਣ**

**ਲਈ ਉੱਤਰਿਆ। [6]ਯਹੋਵਾਹ ਨੇ ਆਖਿਆ ਕਿ ਵੇਖੋ ਏਹ ਲੋਕ ਇੱਕ ਹਨ ਅਰ ਉਨ੍ਹਾਂ ਸਭਨਾਂ ਦੀ ਬੋਲੀ ਇੱਕ ਹੈ ਅਤੇ ਓਹ ਇਹ ਕਰਨ ਲੱਗੇ ਹਨ। ਜੋ ਕੁਛ ਉਨ੍ਹਾਂ ਦੇ ਕਰਨ ਦੀ ਭਾਵਨੀ ਹੋਵੇਗੀ ਹੁਣ ਉਨ੍ਹਾਂ ਅੱਗੇ ਨਹੀਂ ਅਟਕੇਗਾ। [7]ਆਓ ਅਸੀਂ ਉੱਤਰੀਏ ਅਤੇ ਉੱਥੇ ਉਨ੍ਹਾਂ ਦੀ ਬੋਲੀ ਨੂੰ ਉਲਟ ਪੁਲਟ ਕਰ ਦੇਈਏ ਭਈ ਉਹ ਇੱਕ ਦੂਜੇ ਦੀ ਬੋਲੀ ਨਾ ਸਮਝਣ। [8]ਤਾਂ ਯਹੋਵਾਹ ਨੇ ਉਨ੍ਹਾਂ ਨੂੰ ਉੱਥੋਂ ਸਾਰੀ ਧਰਤੀ ਉੱਤੇ ਖਿੰਡਾ ਦਿੱਤਾ। ਸੋ ਓਹ ਉਸ ਸ਼ਹਿਰ ਦੇ ਬਣਾਉਣ ਤੋਂ ਹਟ ਗਏ। [9]ਏਸ ਕਾਰਨ ਉਨ੍ਹਾਂ ਨੇ ਉਹ ਦਾ ਨਾਉਂ ਬਾਬਲ ਰੱਖਿਆ ਕਿਉਂਕਿ ਉੱਥੇ ਯਹੋਵਾਹ ਨੇ ਸਾਰੀ ਧਰਤੀ ਦੀ ਬੋਲੀ ਉਲਟ ਪੁਲਟ ਕਰ ਦਿੱਤੀ ਅਰ ਉੱਥੋਂ ਯਹੋਵਾਹ ਨੇ ਉਨ੍ਹਾਂ ਨੂੰ ਸਾਰੀ ਧਰਤੀ ਉੱਤੇ ਖਿੰਡਾ ਦਿੱਤਾ।**

**ਆਇਤ 5.** ਇਹ ਆਇਤ ਕਹਾਣੀ ਦਾ ਮਹੱਤਵਪੂਰਣ ਮੋੜ ਹੈ। ਹੁਣ ਕਹਾਣੀ ਦਾ ਦ੍ਰਿਸ਼ ਧਰਤੀ ਤੋਂ ਸੁਰਗ ਵੱਲ ਬਦਲ ਜਾਂਦਾ ਹੈ ਅਤੇ ਭਾਸ਼ਾ ਵਿਅੰਗਮਈ ਅਤੇ ਗੈਰ-ਸ਼ਾਬਦਿਕ ਹੈ। ਬਿਰਤਾਂਤ ਇਹ ਵਰਣਨ ਕਰਦਾ ਹੈ ਕਿ **ਯਹੋਵਾਹ ਉਸ ਸ਼ਹਿਰ ਅਰ ਬੁਰਜ ਨੂੰ ਜਿਹ ਨੂੰ ਆਦਮ-ਵੰਸ ਨੇ ਬਣਾਇਆ ਸੀ ਵੇਖਣ ਲਈ ਉੱਤਰਿਆ**। ਇਸ ਕਥਨ ਨੂੰ ਸਪੱਸ਼ਟ ਤੌਰ ਤੇ ਸ਼ਾਬਦਿਕ ਤੌਰ ਤੇ ਨਹੀਂ ਲਿਆ ਜਾਣਾ ਚਾਹੀਦਾ ਕਿਉਂਕਿ ਪਰਮੇਸ਼ੁਰ ਸਮੇਂ ਜਾਂ ਥਾਂ ਦੁਆਰਾ ਸੀਮਤ ਨਹੀਂ ਹੈ (ਜ਼ਬੂਰ 139:7-12)। ਉਹ ਵੇਖਦਾ ਹੈ ਅਤੇ ਜਾਣਦਾ ਹੈ ਕਿ ਲੋਕ ਕੀ ਕਰ ਰਹੇ ਹਨ (ਕਹਾਉਤਾਂ 15:3; ਯਿਰਮਿਯਾਹ 23:24; ਇਬਰਾਨੀਆਂ 4:13)। ਬਾਬਲ ਦੇ ਲੋਕਾਂ ਨੇ ਇੱਕ ਬੁਰਜ ਬਣਾਉਣ ਦਾ ਇਰਾਦਾ ਕੀਤਾ ਸੀ ਜਿਸ ਦੀ ਟੀਸੀ ਅਕਾਸ਼ ਤੀਕ ਪਹੁੰਚੇਗੀ; ਫਿਰ ਵੀ, ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਇਸ ਦਾ ਨਤੀਜਾ ਬਹੁਤ ਹੀ ਛੋਟਾ ਅਤੇ ਤੁੱਛ ਸੀ ਕਿ ਜੇਕਰ ਪ੍ਰਤੀਕਾਤਮਕ ਰੂਪ ਵਿੱਚ ਗੱਲ ਕਰੀਏ ਤਾਂ ਪਰਮੇਸ਼ੁਰ ਇਸ ਇਸ ਨੂੰ "ਵੇਖਣ" ਦੇ ਲਈ ਧਰਤੀ ਉੱਤੇ "ਉੱਤਰਿਆ।"

**ਆਇਤ 6**. ਉਹ ਬੋਲਦੇ ਹੋਏ ਜੋ ਉਸ ਦੇ ਹਿਰਦੇ ਵਿੱਚ ਸੀ, **ਯਹੋਵਾਹ ਨੇ ਆਖਿਆ ਕਿ ਵੇਖੋ ਏਹ ਲੋਕ ਇੱਕ ਹਨ ਅਰ ਉਨ੍ਹਾਂ ਸਭਨਾਂ ਦੀ ਬੋਲੀ ਇੱਕ ਹੈ।** ਉਸ ਨੇ ਉਹ ਵੇਖਿਆ ਜੋ ਓਹ ਇਹ ਕਰਨ ਲੱਗੇ ਹਨ। ਇਸ ਦਾ ਅਰਥ ਇਹ ਹੈ ਕਿ ਜੇਕਰ ਪਰਮੇਸ਼ੁਰ ਉਨ੍ਹਾਂ ਨੂੰ ਇਸ ਟੀਚੇ ਨੂੰ ਪੂਰਾ ਕਰਨ ਦਿੰਦਾ **ਜੋ ਕੁਛ ਉਨ੍ਹਾਂ ਦੇ ਕਰਨ ਦੀ ਭਾਵਨੀ ਹੋਵੇਗੀ ਹੁਣ ਉਨ੍ਹਾਂ ਅੱਗੇ ਨਹੀਂ ਅਟਕੇਗਾ**। ਇਸ ਦਾ ਅਰਥ ਇਹ ਨਹੀਂ ਹੈ ਕਿ ਪਰਮੇਸ਼ੁਰ ਮਨੁੱਖ ਦੇ ਸ਼ਕਤੀ ਜਾਂ ਗਿਆਨ ਤੋਂ ਡਰਦਾ ਸੀ, ਪਰ ਉਸ ਦੀ ਚਿੰਤਾ ਆਪਣੇ ਬੱਚਿਆਂ ਦੇ ਲਈ ਇੱਕ ਪ੍ਰੇਮੀ ਮਾਂ-ਬਾਪ ਵਰਗੀ ਸੀ – ਨਾ ਸਿਰਫ ਵਰਤਮਾਨ ਸਮੇਂ ਦੇ ਲਈ, ਪਰ ਭਵਿੱਖ ਦੇ ਲਈ ਵੀ। ਉਹ ਇਹ ਜਾਣਦਾ ਸੀ ਕਿ ਜੇਕਰ ਉਹ ਉਨ੍ਹਾਂ ਨੂੰ ਉਨ੍ਹਾਂ ਦੇ ਘਮੰਡ ਕਰਨ ਵਾਲੇ ਰਸਤੇ ਤੇ ਚੱਲਣ ਦਿੰਦਾ, ਤਾਂ ਉਹ ਫੇਰ ਜਲ ਪਰਲੋ ਤੋਂ ਪਹਿਲਾਂ ਵਾਲੀ ਹਾਲਤ ਵਿੱਚ ਮੁੜ ਸਕਦੇ ਹਨ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਨਾਸ ਵੱਲ ਲੈ ਜਾਵੇਗਾ। ਇੱਥੇ ਜੋ ਭਾਸ਼ਾ ਵਰਤੀ ਗਈ ਹੈ ਉਹ ਉਨ੍ਹਾਂ ਗੱਲਾਂ ਦੇ ਸਮਾਨ ਹੈ ਜੋ ਪਰਮੇਸ਼ੁਰ ਨੇ ਅਦਨ ਦੇ ਬਾਗ ਵਿੱਚ ਕੀਤੀਆਂ ਸਨ, ਜਦੋਂ ਉਸ ਨੇ ਕਿਹਾ, "ਵੇਖੋ ਆਦਮੀ ਭਲੇ ਬੁਰੇ ਦੀ ਸਿਆਣ ਵਿੱਚ ਸਾਡੇ ਵਿੱਚੋਂ ਇੱਕ ਵਰਗਾ ਹੋ ਗਿਆ ਅਤੇ ਹੁਣ ਅਜੇਹਾ ਨਾ ਹੋਵੇ ਕਿ ਉਹ ਆਪਣਾ ਹੱਥ ਵਧਾਕੇ ਜੀਵਣ ਦੇ ਬਿਰਛ ਤੋਂ ਵੀ ਲੈਕੇ ਖਾਵੇ ਅਤੇ ਸਦਾ ਜੀਉਂਦਾ ਰਹ" (3:22)। ਪਾਪ ਵਿੱਚ ਡਿੱਗੇ ਹੋਏ ਸੰਸਾਰ ਵਿੱਚ ਹਮੇਸ਼ਾ ਦੇ ਲਈ ਪਾਪੀਆਂ ਦੇ ਵਾਂਗ ਜੀਉਣਾ ਧਰਤੀ ਉੱਤੇ ਨਰਕ ਦਾ ਅਨੁਭਵ ਕਰਨ ਦੇ ਵਾਂਗ ਹੋਵੇਗਾ। ਪਰਮੇਸ਼ੁਰ ਨੇ ਆਪਣੀ ਕਿਰਪਾ ਨਾਲ ਮਨੁੱਖਜਾਤੀ ਨੂੰ ਇਹੋ ਜਿਹੇ ਨਾਸ ਤੋਂ ਬਚਾਉਣ ਦਾ ਫ਼ੈਸਲਾ ਕੀਤਾ।

**ਆਇਤਾਂ 7, 8.** ਯਹੋਵਾਹ ਦੇ ਇਹ ਸ਼ਬਦ ਕਿ **ਆਓ ਅਸੀਂ ਉੱਤਰੀਏ ਅਤੇ ਉੱਥੇ ਉਨ੍ਹਾਂ ਦੀ ਬੋਲੀ ਨੂੰ ਉਲਟ ਪੁਲਟ ਕਰ ਦੇਈਏ**, ਕੁਝ ਲੋਕਾਂ ਦੁਆਰਾ ਪਹਿਲੀ ਚਿਤਾਵਨੀ ਦੇ ਵਿਪਰੀਤ ਹਨ: "ਆਓ ਅਸੀਂ ਆਪਣੇ ਲਈ ਇੱਕ ਸ਼ਹਿਰ ਅਰ ਇੱਕ ਬੁਰਜ ਬਣਾਈਏ" (11:4)। ਫੇਰ, ਯਾਹਵੇਹ

ਦਾ ਕਥਨ ਅਦਨ ਬਾਗ ਵਿੱਚ ਕੀਤੀ ਉਸ ਦੀ ਟਿੱਪਣੀ ਵਰਗਾ ਹੈ: “ਵੇਖੋ ਆਦਮੀ ਸਾਡੇ ਵਿੱਚੋਂ ਇੱਕ ਵਰਗਾ ਹੋ ਗਿਆ” (3:22)। ਘਮੰਡੀ ਇੱਛਾ ਨੂੰ ਵਿਫਲ ਕਰਨ ਦੇ ਲਈ, ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਅਦਨ ਦੇ ਬਾਗ ਵਿੱਚੋਂ ਬਾਹਰ ਕੱਢਿਆ ਸੀ ਅਤੇ ਉੱਥੇ “ਕਰੂਬੀਮ ਅਤੇ ਖੰਡੇ ਦੀ ਲਿਸ਼ਕ ਨੂੰ” ਰੱਖਿਆ ਤਾਂ ਜੋ ਓਹ “ਜੀਵਣ ਦੇ ਬਿਰਛ ਦੇ ਰਾਹ ਦੀ ਰਾਖੀ ਕਰਨ” (3:24)। 3:22 ਵਿੱਚ ਬਹੁਵਚਨ ਪੜਨਾਂਵ “ਸਾਡੇ” ਪਰਮੇਸ਼ੁਰ ਅਤੇ 3:24 ਵਿੱਚ “ਕਰੂਬੀਮ” ਦੇ ਸਮਰੂਪ ਹੈ; ਯਹੋਵਾਹ ਪਰਤੱਖ ਰੂਪ ਵਿੱਚ ਆਪਣੇ ਦੂਤਾਂ ਦੀ ਸਭਾ ਨੂੰ ਸੰਬੋਧਿਤ ਕਰ ਰਿਹਾ ਸੀ ਜਿਸ ਵਿੱਚ ਕਰੂਬੀਮ ਵੀ ਸ਼ਾਮਲ ਸੀ (1:26; 3:22 ਤੇ ਟਿੱਪਣੀਆਂ ਵੇਖੋ)। ਸ਼ਾਇਦ 11:7 ਵਿੱਚ ਪਰਮੇਸ਼ੁਰ ਦੂਤਾਂ ਦੀ ਇਸੇ ਸਭਾ ਨਾਲ ਗੱਲ ਕਰ ਰਿਹਾ ਹੋਵੇਗਾ ਅਤੇ ਉਨ੍ਹਾਂ ਨੂੰ ਉਸ ਨਿਆਂ ਨੂੰ ਵੇਖਣ ਅਤੇ ਉਸ ਵਿੱਚ ਹਿੱਸਾ ਲੈਣ ਦੇ ਲਈ ਉਤਸ਼ਾਹਿਤ ਕਰ ਰਿਹਾ ਹੋਵੇਗਾ ਜੋ ਬਾਬਲ ਦਾ ਬੁਰਜ ਬਣਾਉਣ ਵਾਲਿਆਂ ਉੱਤੇ ਆਉਣ ਵਾਲਾ ਸੀ। ਉਨ੍ਹਾਂ ਦੀ ਬੋਲੀ ਨੂੰ ਉਲਟ ਪੁਲਟ ਕਰਕੇ, ਯਹੋਵਾਹ ਨੇ ਉਨ੍ਹਾਂ ਦੇ ਇੱਕ ਦੂਜੇ ਨੂੰ ਸਮਝਣ ਨੂੰ ਅਸੰਭਵ ਬਣਾ ਦਿੱਤਾ। ਇਸ ਲਈ, ਉਨ੍ਹਾਂ ਨੇ ਇਸ ਪਰਿਯੋਜਨਾ ਨੂੰ ਤਿਆਗ ਦਿੱਤਾ, ਉਹ **ਉਸ ਸ਼ਹਿਰ ਦੇ ਬਣਾਉਣ ਤੋਂ ਹਟ ਗਏ** ਅਤੇ **ਸਾਰੀ ਧਰਤੀ ਉੱਤੇ ਖਿੰਡ ਗਏ**।

**ਆਇਤ 9.** ਲੇਖਕ ਨੇ ਸ਼ਬਦਾਂ ਵਿੱਚ ਹੇਰ ਫੇਰ ਕਰਕੇ ਇਸ ਕਹਾਣੀ ਦਾ ਇੱਕ ਅਧਿਆਤਮਕ ਸਿੱਟਾ ਕੱਢਿਆ ਜੋ ਕਿ ਅਸਲ ਵਿੱਚ ਇੱਕ ਕਿਸਮ ਦਾ ਜ਼ਬਾਨੀ ਵਿਅੰਗ ਹੈ: ਬਾਬਲ ਦੇ ਲੋਕਾਂ ਦੇ ਲਈ **ਬਾਬਲ** (בָּבֶל, *ਬਾਬੇਲ*) ਦਾ ਅਰਥ ਸੀ “ਪਰਮੇਸ਼ੁਰ ਦਾ ਫਾਟਕ”[8]; ਫਿਰ ਵੀ, ਬਾਈਬਲ ਦੇ ਲੇਖਕ ਨੇ ਪ੍ਰਸਿੱਧ ਸ਼ਬਦ ਦੀ ਵਰਤੋਂ ਕੀਤੀ ਅਤੇ “ਬਾਬਲ” ਸ਼ਬਦ ਨੂੰ ਉਸੇ ਸ਼ਬਦ ਦੀ ਅਵਾਜ਼ ਵਾਲੇ ਇਬਰਾਨੀ ਸ਼ਬਦ, בָּלַל (*ਬਲਾਲ*) ਨਾਲ ਜੋੜਿਆ ਜਿਸ ਦਾ ਅਰਥ ਸੀ ਉਲਟ ਪੁਲਟ ਕੀਤਾ।[9] ਇਹ ਪਰਗਟ ਕਰਨ ਦੁਆਰਾ ਕਿ ਬੁਰਜ ਨੂੰ ਬਣਾਉਣ ਵਾਲਿਆਂ ਦਾ ਇਰਾਦਾ ਇਸ ਨੂੰ ਇੱਕ ਫਾਟਕ ਬਣਾ ਕੇ ਆਪਣੀ ਯੋਜਨਾ ਨੂੰ ਪੂਰਾ ਕਰਨਾ ਸੀ ਅਤੇ ਇਹ ਯੋਜਨਾ ਪਰਮੇਸ਼ੁਰ ਦੁਆਰਾ ਵਿਫਲ ਕੀਤੀ ਗਈ ਸੀ, ਲੇਖਕ ਨੇ ਇਹ ਸੰਕੇਤ ਦਿੱਤਾ ਸੀ ਕਿ ਇਹ ਬੁਰਜ ਵਿਅੰਗਾਤਮਮਕ ਰੂਪ ਵਿੱਚ ਉਲਝਣ ਦਾ ਫਾਟਕ ਬਣਿਆ ਸੀ। ਇਸ ਓਪਰੀ ਯੋਜਨਾ ਦੇ ਨਤੀਜੇ ਵਜੋਂ ਸਾਰੀ ਮਨੁੱਖ ਜਾਤੀ ਦੀ **ਬੋਲੀ** ਉਲਟ ਪੁਲਟ ਹੋ ਗਈ। ਪ੍ਰਾਚੀਨ ਬਾਬਲ (ਬੈਬੀਲੋਨ) ਦੇ ਲੋਕ ਆਪਣੇ ਉਦੇਸ਼ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹੇ ਅਤੇ **ਯਹੋਵਾਹ ਨੇ ਉਨ੍ਹਾਂ ਨੂੰ ਉੱਥੋਂ ਸਾਰੀ ਧਰਤੀ ਉੱਤੇ ਖਿੰਡਾ ਦਿੱਤਾ**।

## ਸ਼ੇਮ ਦੇ ਪਰਿਵਾਰ ਦੀ ਕੁਲਪੱਤਰੀ (11:10-26)

**10ਏਹ ਸ਼ੇਮ ਦੀ ਕੁਲਪੱਤਰੀ ਹੈ। ਸ਼ੇਮ ਇੱਕ ਸੌ ਵਰਿਹਾਂ ਦਾ ਸੀ ਅਰ ਉਸ ਤੋਂ ਅਰਪਕਸ਼ਦ ਪਰਲੋ ਦੇ ਦੋ ਵਰਿਹਾਂ ਦੇ ਪਿੱਛੋਂ ਜੰਮਿਆ। 11ਸ਼ੇਮ ਅਰਪਕਸ਼ਦ ਦੇ ਜਨਮ ਦੇ ਪਿੱਛੋਂ ਪੰਜ ਸੌ ਵਰਿਹਾਂ ਤੀਕ ਜੀਉਂਦਾ ਰਿਹਾ ਅਰ ਉਸ ਤੋਂ ਪੁੱਤ੍ਰ ਧੀਆਂ ਜੰਮੇ। 12ਜਾਂ ਅਰਪਕਸ਼ਦ ਦਾ ਜੀਵਣ ਪੈਂਤੀਆਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਸ਼ਲਹ ਜੰਮਿਆ 13ਅਤੇ ਅਸਪਕਸ਼ਦ ਸ਼ਲਹ ਦੇ ਜਨਮ ਦੇ ਪਿੱਛੋਂ ਚਾਰ ਸੌ ਤਿੰਨ ਵਰਿਹਾਂ ਤੀਕ ਜੀਉਂਦਾ ਰਿਹਾ ਅਰ ਉਸ ਤੋਂ ਪੁੱਤ੍ਰ ਧੀਆਂ ਜੰਮੇ। 14ਜਾਂ ਸ਼ਲਹ ਤੀਹਾਂ ਵਰਿਹਾਂ ਦਾ ਹੋਇਆ ਤਾਂ ਏਬਰ ਜੰਮਿਆ। 15ਸ਼ਲਹ ਏਬਰ ਦੇ ਜਨਮ ਦੇ ਪਿੱਛੋਂ ਸਾਰ ਸੌ ਤਿੰਨ ਵਰਿਹਾਂ ਤੀਕ ਜੀਉਂਦਾ ਰਿਹਾ ਅਰ ਉਸ ਤੋਂ ਪੁੱਤ੍ਰ ਧੀਆਂ ਜੰਮੇ। 16ਅਤੇ ਏਬਰ ਚੌਤੀਆਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਪਲਗ ਜੰਮਿਆ। 17ਏਬਰ ਪਲਗ ਦੇ ਜਨਮ ਦੇ ਪਿੱਛੋਂ ਚਾਰ ਸੌ ਤੀਹਾਂ ਵਰਿਹਾਂ ਤੀਕ ਜੀਉਂਦਾ ਰਿਹਾ ਅਰ ਉਸ ਤੋਂ ਪੁੱਤ੍ਰ ਧੀਆਂ ਜੰਮੇ। 18ਜਾਂ ਪਲਗ ਤੀਹਾਂ ਵਰਿਹਾਂ ਦਾ**

**ਹੋਇਆ ਤਾਂ ਰਊ ਜੰਮਿਆ। [19]ਪਲਗ ਰਊ ਦੇ ਜਨਮ ਦੇ ਪਿੱਛੋਂ ਦੋ ਸੌ ਨੌ ਵਰਿਹਾਂ ਤੀਕ ਜੀਉਂਦਾ
ਰਿਹਾ ਅਰ ਉਸ ਤੋਂ ਪੁੱਤ੍ਰ ਧੀਆਂ ਜੰਮੇ। [20]ਰਊ ਬੱਤੀਆਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਸਰੂਗ
ਜੰਮਿਆ। [21]ਰਊ ਸਰੂਗ ਦੇ ਜਨਮ ਦੇ ਪਿੱਛੋਂ ਦੋ ਸੌ ਸੱਤ ਵਰਿਹਾਂ ਤੀਕ ਜੀਉਂਦਾ ਰਿਹਾ ਅਰ ਉਸ
ਤੋਂ ਪੁੱਤ੍ਰ ਧੀਆਂ ਜੰਮੇ। [22]ਜਾਂ ਸਰੂਗ ਤੀਹਾਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਨਾਹੋਰ ਜੰਮਿਆ।
[23]ਸਰੂਗ ਨਾਹੋਰ ਦੇ ਜਨਮ ਦੇ ਜਨਮ ਦੇ ਪਿੱਛੋਂ ਦੋ ਸੌ ਵਰਿਹਾਂ ਤੀਕ ਜੀਉਂਦਾ ਰਿਹਾ ਅਰ ਉਸ ਤੋਂ
ਪੁੱਤ੍ਰ ਧੀਆਂ ਜੰਮੇ। [24]ਜਾਂ ਨਾਹੋਰ ਉਨੱਤੀਆਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਤਾਰਹ ਜੰਮਿਆ।
[25]ਨਾਹੋਰ ਤਾਰਹ ਦੇ ਜਨਮ ਜਨਮ ਦੇ ਪਿੱਛੋਂ ਇੱਕ ਸੌ ਉੱਨੀ ਵਰਿਹਾਂ ਤੀਕ ਜੀਉਂਦਾ ਰਿਹਾ ਅਰ
ਉਸ ਤੋਂ ਪੁੱਤ੍ਰ ਧੀਆਂ ਜੰਮੇ। [26]ਤਾਰਹ ਸੱਤਰਾਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਅਬਰਾਮ ਅਰ
ਨਾਹੋਰ ਅਰ ਹਾਰਾਨ ਜੰਮੇ।**

ਬਾਬਲ ਦੇ ਬੁਰਜ ਦਾ ਬਿਰਤਾਂਤ ਉਤਪਤ ਦੇ ਪਹਿਲੇ ਹਿੱਸੇ ਦਾ ਸਿੱਟਾ ਨਹੀਂ ਹੈ। ਜੇਕਰ ਇਹ ਹੁੰਦਾ, ਤਾਂ ਇਹ ਹਿੱਸਾ ਮਨੁੱਖ ਦੇ ਪਾਪ, ਘਮੰਡ ਅਤੇ ਅਸਫ਼ਲਤਾ ਦੇ ਇੱਕ ਹੋਰ ਬਿਰਤਾਂਤ ਗਲਤ ਟਿੱਪਣੀ ਨਾਲ ਖਤਮ ਹੋਣਾ ਸੀ। ਬਜਾਇ ਇਸ ਦੇ, ਜਿਵੇਂ ਕਿ ਪੁਸਤਕ ਦੇ ਸ਼ੁਰੂਆਤੀ ਅਧਿਆਵਾਂ ਵਿੱਚ ਹੈ, ਪਰਮੇਸ਼ੁਰ ਦੀ ਕਿਰਪਾ ਨਿਆਂ ਦੇ ਵਿੱਚ ਵੀ ਮੌਜੂਦ ਸੀ। ਨੂਹ ਦੇ ਵੰਸ਼ਾਂ ਦੇ ਖਿੰਡਣ ਅਤੇ ਉਨ੍ਹਾਂ ਦੇ ਭਾਸ਼ਾ ਉਲਟ ਪੁਲਟ ਹੋਣ ਤੋਂ ਬਾਅਦ, ਸ਼ੇਮ ਦੀ ਕੁਲਪੱਤਰੀ ਦੀ ਇੱਕ ਹੋਰ ਲਿਖਤ ਦਿੱਤੀ ਗਈ ਹੈ ਜਿਹੜੀ ਕਿ ਆਸ ਪ੍ਰਦਾਨ ਕਰਦੀ ਹੈ। ਅਧਿਆਇ 10 ਦੀ ਸੂਚੀ ਵਿੱਚ ਏਬਰ ਦੋ ਦੋ ਪੁੱਤਰਾਂ, ਪਲਗ ਅਤੇ ਯਾਕਟਾਨ ਦੇ ਨਾਮ ਦਿੱਤੇ ਗਏ ਸਨ, ਪਰ ਸਿਰਫ ਬਾਅਦ ਵਾਲੀ ਸੰਤਾਨ ਦੀ ਸੂਚੀ ਦਿੱਤੀ ਗਈ ਸੀ (10:25-31) ਤੁਲਨਾ ਵਿੱਚ, ਅਧਿਆਇ 11 ਵਿੱਚ ਵੰਸ਼ਾਵਲੀ ਦਾ ਬਿਰਤਾਂਤ ਦੱਸਦਾ ਹੈ ਕਿ ਏਬਰ ਦੇ ਕਾਫੀ ਪੁੱਤਰ ਅਤੇ ਧੀਆਂ ਸਨ (11:17) ਪਰ ਸਿਰਫ ਪਲਗ ਅਤੇ ਉਸ ਦੀਆਂ ਸੰਤਾਨਾਂ ਦਾ ਅਬਰਾਹਾਮ ਤੀਕ ਜ਼ਿਕਰ ਕਰਦਾ ਹੈ (11:16-26)। ਇਹ ਪਾਠਕ ਨੂੰ ਮੁੜ ਭਰੋਸਾ ਦਿੰਦਾ ਹੈ ਕਿ ਮਨੁੱਖਜਾਤੀ ਨੂੰ ਅਸੀਸ ਦੇਣ ਦੀ ਪਰਮੇਸ਼ੁਰ ਦੀ ਯੋਜਨਾ ਨਿਸਫਲ ਨਹੀਂ ਹੋਵੇਗੀ; ਅਬਰਾਹਾਮ ਨੇ ਉਹ ਜ਼ਰੀਆ ਬਣਨਾ ਸੀ ਜਿਸ ਦੇ ਰਾਹੀਂ ਅੰਤ ਵਿੱਚ "ਸਰਿਸ਼ਟੀ ਦੇ ਸਾਰੇ ਘਰਾਣਿਆਂ ਤੇ" ਬਰਕਤਾਂ ਵਹਿਣਗੀਆਂ (12:3)।

11:10-32 ਵਿੱਚ ਸ਼ੇਮ (ਤਾਰਹ ਦੇ ਵੰਸ਼ ਸਮੇਤ) ਦੀ ਵੰਸ਼ਾਵਲੀ ਦਾ ਬਿਰਤਾਂਤ 5:3-32 ਵਿੱਚ ਸੇਥ ਦੀ ਵੰਸ਼ਾਵਲੀ ਨੂੰ ਪੂਰਾ ਕਰਦਾ ਹੈ, ਉਸ ਚੁਣੇ ਹੋਏ ਪਰਿਵਾਰ ਦਾ ਪਤਾ ਲਗਾਉਂਦਿਆਂ ਜਿਸ ਦੇ ਰਾਹੀਂ ਇਤਹਾਸ ਵਿੱਚ ਪਰਮੇਸ਼ੁਰ ਮਨੁੱਖਜਾਤੀ ਦੇ ਲਈ ਆਪਣੀ ਛੁਟਕਾਰੇ ਦੀ ਯੋਜਨਾ ਨੂੰ ਪੂਰਾ ਕਰੇਗਾ। ਅਧਿਆਇ 11 ਵਿੱਚ ਬਿਰਤਾਂਤ ਜ਼ਿਆਦਾ ਛੋਟਾ ਹੈ, ਹਰ ਪੀੜ੍ਹੀ ਦੇ ਲਈ ਸਿਰਫ ਇੱਕੋ ਮੁੱਖ ਸੰਤਾਨ ਦਾ ਨਾਮ ਦੱਸਦਿਆਂ ਜਦੋਂ ਤੱਕ ਇਹ ਤਰਾਹ ਤੱਕ ਨਹੀਂ ਪਹੁੰਚਦੀ। ਫਿਰ ਤਰਾਹ ਦੇ ਤਿੰਨ ਪੁੱਤਰਾਂ ਦੇ ਨਾਮ ਦਿੱਤੇ ਗਏ ਹਨ: ਅਬਰਾਮ (ਜਾਂ ਅਬਰਾਹਾਮ), ਨਾਹੋਰ ਅਤੇ ਹਾਰਾਨ। ਅਬਰਾਹਾਮ, ਜਿਸ ਦਾ ਨਾਮ ਸੂਚੀ ਵਿੱਚ ਪਹਿਲਾਂ ਆਉਂਦਾ ਹੈ, ਪਰਿਵਾਰ ਵਿੱਚ ਸਭ ਤੋਂ ਮਹੱਤਵਪੂਰਣ ਵਿਅਕਤੀ ਬਣਿਆ।

ਜਿਵੇਂ ਕਿ 5 ਅਤੇ 10 ਅਧਿਆਵਾਂ ਵਿੱਚ ਹੈ, ਅਧਿਆਇ 11 ਵਿੱਚ ਅੰਕ "10" ਅਤੇ "7" ਮਹੱਤਵਪੂਰਣ ਹਨ। ਉਦਾਹਰਣ ਦੇ ਲਈ, ਅਧਿਆਇ 5 ਵਿੱਚ ਜੋ ਸੂਚੀ ਆਦਮ ਤੋਂ ਸ਼ੁਰੂ ਹੁੰਦੀ ਹੈ ਉਸ ਵਿੱਚ ਦਸ ਨਾਮ ਹਨ, ਜੋ ਕਿ ਨੂਹ ਅਤੇ ਉਸ ਦੇ ਤਿੰਨ ਪੁੱਤਰਾਂ – ਸ਼ੇਮ, ਹਾਮ ਅਤੇ ਯਾਫ਼ਥ – ਨਾਲ ਖਤਮ ਹੋ ਜਾਂਦੇ ਹਨ (5:32)। ਕਿਉਂਕਿ ਨੂਹ ਜਲ ਪਰਲੋ ਤੋਂ ਪਹਿਲੇ ਦੇ ਯੁੱਗ ਅਤੇ ਜਲ ਪਰਲੋ ਤੋਂ ਬਾਅਦ ਦੇ ਸਮੇਂ ਵਿਚਕਾਰ ਇੱਕ ਪੁੱਲ ਹੈ, ਸਮਝਦਾਰੀ ਇਸੇ ਵਿੱਚੇ ਹੈ ਕਿ ਅਧਿਆਇ 11 ਨੂੰ ਉਸ ਨਾਲ ਸ਼ੁਰੂ ਕੀਤਾ ਜਾਵੇ ਅਤੇ ਸ਼ੇਮ ਦੀਆਂ ਪੀੜ੍ਹੀਆਂ ਨੂੰ ਤਾਰਹ ਤੱਕ ਗਿਣਿਆ ਜਾਵੇ।

ਸੂਚੀ ਵਿੱਚ ਦੱਸ ਪੀੜ੍ਹੀਆਂ ਹਨ ਜੋ ਕਿ ਤਾਰਹ ਦੇ ਤਿੰਨ ਪੁੱਤਰਾਂ "ਅਬਰਾਮ, ਨਾਹੋਰ ਅਰ ਹਾਰਾਨ ਨਾਲ ਖਤਮ ਹੁੰਦੀਆਂ ਹਨ (11:26)।[10] ਜੇਕਰ ਨੂਹ ਨੂੰ ਜਲ ਪਰਲੋ ਦੇ ਬਾਅਦ ਦੇ ਯੁੱਗ ਵਿੱਚ ਨਹੀਂ ਗਿਣਿਆ ਗਿਆ ਹੈ, ਤਾਂ ਫਿਰ ਅਬਰਾਹਾਮ ਸ਼ੇਮ ਤੋਂ ਅਤੇ ਆਦਮ ਤੋਂ ਵੀਹਵੀਂ (10 x 2) ਪੀੜ੍ਹੀ ਹੈ।[11] ਉਹ ਏਬਰ ਤੋਂ ਸਤਵੀਂ ਪੀੜ੍ਹੀ ਵੀ ਹੈ, ਜਿਸ ਤੋਂ ਇਬਰਾਨੀ ਪੈਦਾ ਹੋਏ ਸਨ ਅਤੇ ਏਬਰ ਖੁਦ ਆਦਮ ਤੋਂ ਚੱਵੀਵੀਂ (7 x 2) ਪੀੜ੍ਹੀ ਹੈ।[12]

ਕਿਉਂਕਿ ਅੰਕ "7" ਪੂਰਨਤਾ ਅਤੇ ਸੰਪੂਰਣਤਾ ਦਾ ਪ੍ਰਤੀਕ ਹੁੰਦਾ ਹੈ, ਇਹ ਤੱਥ ਕਿ ਅਬਰਾਹਾਮ ਏਬਰ ਤੋਂ ਸੱਤਵਾਂ ਸੀ ਉਸ ਦੇ ਇੱਕ ਵੱਡਾ "ਨਾਉਂ" ਪ੍ਰਾਪਤ ਕਰਨ ਵਾਲਾ ਹੋਣ ਨਾਲ ਮੇਲ ਖਾਂਦਾ ਹੈ (12:2)। ਪਰਮੇਸ਼ੁਰ ਵੱਲੋਂ ਸੰਪੂਰਣ ਤੋਹਫ਼ੇ ਦੇ ਰੂਪ ਵਿੱਚ, ਅਜਿਹਾ "ਨਾਉਂ" (ਰੁਤਬਾ) ਉਸ ਦੇ ਰਾਹੀਂ "ਸਰਿਸ਼ਟੀ ਦੇ ਸਾਰੇ ਘਰਾਣਿਆਂ ਨੂੰ" ਮੁਬਾਰਕ ਬਣਾਉਣ ਦੀ ਪਰਮੇਸ਼ੁਰ ਦੀ ਕਿਰਪਾਲੂ ਯੋਜਨਾ ਦੀ ਸੰਪੂਰਣਤਾ ਵੱਲ ਇਸ਼ਾਰਾ ਕਰਦਾ ਹੈ (12:3)। ਉਸ ਨੇ ਸਾਰੇ ਵਿਸ਼ਵਾਸੀਆਂ ਦਾ ਆਤਮਿਕ ਪਿਤਾ ਬਣਨਾ ਸੀ (ਰੋਮੀਆਂ 4:11)। ਇਹ ਸਭ ਕੁਝ ਪਰਮੇਸ਼ੁਰ ਦੀ ਵਡਿਆਈ ਕਰਨ ਦੇ ਲਈ ਹੋਵੇਗਾ। ਅਬਰਾਹਾਮ ਬਾਰੇ ਇਹ ਵਿਚਾਰ ਬਾਬਲ ਦੇ ਮਨੁੱਖਾਂ ਦੇ ਵਿਪਰੀਤ ਸਨ, ਜਿਨ੍ਹਾਂ ਨੇ ਘਮੰਡ ਨਾਲ ਇੱਕ ਬੁਰਜ ਬਣਾਉਣ ਦੁਆਰਾ ਆਪਣੇ ਆਪ ਦੇ ਲਈ "ਨਾਉਂ" (ਰੁਤਬਾ) ਕਮਾਉਣਾ ਭਾਲਿਆ ਜੋ ਆਤਮ-ਵਡਿਆਈ ਦਾ ਪ੍ਰਤੀਕ ਸੀ (11:1-9)। ਉਨ੍ਹਾਂ ਦੀ ਕੋਸ਼ਿਸ਼ ਦਾ ਅੰਤਿਮ ਨਤੀਜਾ ਵੱਡਾ ਨਾਉਂ ਕਮਾਉਣ ਦੀ ਅਸਫ਼ਲਤਾ ਸੀ; ਉਹ ਆਪਣੀਆਂ ਅੱਗੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ *ਸ਼ਰਮਿੰਦਗੀ ਵਾਲੀ* ਵਿਰਾਸਤ ਛੱਡ ਕੇ ਗਏ ਸਨ।

**ਆਇਤਾਂ 10, 11.** ਨੂਹ ਦੀਆਂ ਸੰਤਾਨਾਂ ਦਾ ਵੰਸ਼ ਜੋ ਉਸ ਵਾਅਦੇ ਨੂੰ ਅੱਗੇ ਲੈ ਕੇ ਜਾਵੇਗਾ ਜੋ 3:15 ਵਿੱਚ ਤੀਵੀਂ ਨਾਲ ਕੀਤਾ ਗਿਆ ਸੀ ਹੁਣ ਉਸ ਪ੍ਰਸਿੱਧ ਸਿਰਲੇਖ ਨਾਲ ਜੋੜਿਆ ਗਿਆ ਹੈ ਜੋ ਅਸੀਂ ਉਤਪਤ ਵਿੱਚ ਪਹਿਲਾਂ ਚਾਰ ਵਾਰ ਵੇਖ ਚੁੱਕੇ ਹਾਂ। ਇਸ ਵਾਰ, ਇਹ **ਸ਼ੇਮ ਦੀ ਕੁਲਪੱਤਰੀ** [תּוֹלְדוֹת, *ਟੋਲੇਡੋਥ*] ਨੂੰ ਸੂਚੀਬੱਧ ਕਰਦਾ ਹੈ ਜੋ ਅਧਿਆਇ ਦੇ ਅੰਤ ਵਿੱਚ ਅਬਰਾਹਾਮ ਵੱਲ ਲੈ ਕੇ ਜਾਵੇਗੀ।

ਮੂਲ ਲਿਖਤ ਦੱਸਦੀ ਹੈ ਕਿ **ਸ਼ੇਮ ਇੱਕ ਸੌ ਵਰਿਹਾਂ ਦਾ ਸੀ ਅਰ ਉਸ ਤੋਂ ਅਰਪਕਸ਼ਦ ਪਰਲੋ ਦੇ ਦੋ ਵਰਿਹਾਂ ਦੇ ਪਿੱਛੋਂ ਜੰਮਿਆ**। ਇਹ ਕਥਨ ਉਨ੍ਹਾਂ ਲੋਕਾਂ ਦੇ ਲਈ ਇੱਕ ਮੁਸ਼ਕਲ ਪੇਸ਼ ਕਰਦਾ ਹੈ ਜਿਹੜੇ ਸੋਚਦੇ ਹਨ ਕਿ ਸ਼ੇਮ ਨੂਹ ਦੇ ਤਿੰਨ ਪੁੱਤਰਾਂ ਵਿੱਚੋਂ ਸਭ ਤੋਂ ਵੱਡਾ ਸੀ (10:21 ਤੇ ਟਿੱਪਣੀਆਂ ਵੇਖੋ)। 5:32 ਅਤੇ 7:6 ਦਾ ਸ਼ਾਬਦਿਕ ਤੌਰ ਤੇ ਪੜ੍ਹਿਆ ਜਾਣਾ ਇਹ ਸੁਝਾਅ ਦਿੰਦਾ ਹੈ ਕਿ ਨੂਹ ਦਾ ਵੱਡਾ ਪੁੱਤਰ 100 ਵਰਿਹਾਂ ਦਾ ਸੀ ਜਦੋਂ ਧਰਤੀ ਉੱਤੇ ਜਲ ਪਰਲੋ ਆਈ, ਫਿਰ ਵੀ, 11:10 ਇਹ ਇਸ਼ਾਰਾ ਕਰਦੀ ਹੈ ਕਿ ਜਲ ਪਰਲੋ ਦੇ ਅੰਤ ਵਿੱਚ ਸ਼ੇਮ 98 ਸਾਲ ਦਾ ਸੀ। ਇਸ ਕਥਿਤ ਫ਼ਰਕ ਨੂੰ ਕਿਵੇਂ ਸਵੀਕਾਰ ਕੀਤਾ ਜਾ ਸਕਦਾ ਹੈ?

ਉਤਪਤ 5:32 ਦਾ ਅਰਥ ਸਿਰਫ ਇਹ ਹੋ ਸਕਦਾ ਹੈ ਕਿ ਨੂਹ ਦੇ 500 ਸਾਲਾਂ ਦਾ ਹੋਣ ਤੋਂ "ਬਾਅਦ" ਸ਼ੇਮ, ਹਾਮ ਅਤੇ ਯਾਫ਼ਥ ਜੰਮਿਆ (ਵੇਖੋ NRSV; NIV)। ਜੇਕਰ ਆਇਤ ਨੂੰ ਉਸ ਤਰੀਕੇ ਨਾਲ ਸਮਝਿਆ ਜਾਵੇ, ਸਮੱਸਿਆ ਹੱਲ ਹੋ ਜਾਂਦੀ ਹੈ ਕਿਉਂਕਿ ਸ਼ੇਮ ਤਦ ਪੈਦਾ ਹੋਇਆ ਹੋਵੇਗਾ ਜਦੋਂ ਨੂਹ 502 ਸਾਲ ਦਾ ਸੀ; ਤਾਂ ਫਿਰ ਉਹ 100 ਸਾਲਾਂ ਦਾ ਹੋਵੇਗਾ ਜਦੋਂ ਨੂਹ 602 ਸਾਲਾਂ ਦਾ ਸੀ, ਜੋ ਕਿ ਜਲ ਪਰਲੋ ਤੋਂ ਦੋ ਸਾਲ ਬਾਅਦ ਸੀ (ਵੇਖੋ 7:6; 8:13)।

ਹੋਰ ਹੱਲ ਸੰਭਵ ਹਨ। 11:10 ਵਿੱਚ ਜਿਨ੍ਹਾਂ 100 ਵਰਿਹਾਂ ਦਾ ਜ਼ਿਕਰ ਕੀਤਾ ਗਿਆ ਹੈ ਇੱਕ ਪੂਰਣ ਸੰਖਿਆ ਹੋ ਸਕਦੀ ਹੈ, ਜਾਂ ਸ਼ਾਇਦ ਇਹ ਸਕਦਾ ਹੈ ਕਿ 5:32 ਵਿੱਚ 500 ਵਰਿਹਾਂ ਨੂੰ ਉਸ ਤਰੀਕੇ ਨਾਲ ਸਮਝਿਆ ਜਾਣਾ ਚਾਹੀਦਾ ਹੈ। ਆਖ਼ਰਕਾਰ, ਜੇਕਰ ਕੋਈ 5:32 ਦੀ ਵਿਆਖਿਆ ਸ਼ਾਬਦਿਕ ਤੌਰ ਤੇ ਹੀ ਕਰਦਾ, ਉਸ ਨੂੰ ਇਹ ਦਲੀਲ ਦੇਣੀ ਪੈਣੀ ਸੀ ਕਿ ਸ਼ੇਮ, ਹਾਮ

ਅਤੇ ਯਾਫ਼ਥ ਤਿਕੜੀ ਸਨ – ਅਤੇ ਅਜਿਹੇ ਵਿਚਾਰ ਦੇ ਲਈ ਵਚਨ ਵਿੱਚ ਕੋਈ ਆਧਾਰ ਨਹੀਂ ਹੈ।[13]

ਫਿਰ ਵੀ, ਜੇਕਰ ਯਾਫ਼ਥ ਨੂਹ ਦੇ ਪੁੱਤਰਾਂ ਵਿੱਚੋਂ ਸਭ ਤੋਂ ਵੱਡਾ ਸੀ, ਤਾਂ ਕੋਈ ਕਾਲਕ੍ਰਮ ਮੁਸ਼ਕਲ ਨਹੀਂ ਹੈ (10:21 ਤੇ ਟਿੱਪਣੀਆਂ ਵੇਖੋ)। ਇਸ ਮਾਮਲੇ ਵਿੱਚ, ਯਾਫ਼ਥ 100 ਵਰਿਹਾਂ ਦਾ ਹੋਵੇਗਾ ਜਦੋਂ ਜਲ ਪਰਲੋ ਆਈ ਸੀ ਅਤੇ ਸ਼ੇਮ ਜਲ ਪਰਲੋ ਦੇ ਅੰਤ ਵਿੱਚ 98 ਵਰਿਹਾਂ ਦਾ ਹੋਵੇਗਾ। ਦੂਜੇ ਸ਼ਬਦਾਂ ਵਿੱਚ, ਯਾਫ਼ਥ ਸ਼ੇਮ ਨਾਲੋਂ ਦੋ ਜਾਂ ਤਿੰਨ ਸਾਲ ਵੱਡਾ ਸੀ। ਹਾਮ ਤਿੰਨਾਂ ਭਰਾਵਾਂ ਵਿੱਚੋਂ ਛੋਟਾ ਸੀ (9:24)। ਇਸ ਤਰੀਕੇ ਨਾਲ ਪੜ੍ਹੀਏ ਤਾਂ ਉਨ੍ਹਾਂ ਦੇ ਜਨਮ ਦੀ ਤਰਤੀਬ ਸੀ ਯਾਫ਼ਥ, ਸ਼ੇਮ ਅਤੇ ਹਾਮ। ਆਮ ਤਰਤੀਬ, ਜੋ ਸ਼ੇਮ ਨੂੰ ਪਹਿਲੇ ਸਥਾਨ ਤੇ ਰੱਖਦੀ ਹੈ, ਕਾਲਕ੍ਰਮ ਦੀ ਬਜਾਇ ਅਧਿਆਤਮਕ ਸ਼ਾਸਤਰ ਨੂੰ ਪਰਗਟ ਕਰ ਸਕਦੀ ਹੈ।

ਅਗਲੀ ਗੱਲ, ਮੂਲ ਲਿਖਤ ਦੱਸਦੀ ਹੈ ਕਿ **ਸ਼ੇਮ ਅਰਪਕਸ਼ਦ ਦੇ ਜਨਮ ਦੇ ਪਿੱਛੋਂ ਪੰਜ ਸੌ ਵਰਿਹਾਂ ਤੀਕ ਜੀਉਂਦਾ ਰਿਹਾ ਅਰ ਉਸ ਤੋਂ ਪੁੱਤ੍ਰ ਧੀਆਂ ਜੰਮੇ**। 10:22 ਵਿੱਚ, ਕਿਹਾ ਗਿਆ ਹੈ ਕਿ ਅਰਪਕਸ਼ਦ ਸ਼ੇਮ ਦੇ ਚਾਰ ਪੁੱਤਰਾਂ ਵਿੱਚੋਂ ਤੀਜਾ ਪੁੱਤਰ ਸੀ, ਇਸ ਲਈ ਕੁਲਪੱਤਰੀ ਦੀ ਪ੍ਰਾਥਮਿਕਤਾ ਪਰਮੇਸ਼ੁਰ ਦੀ ਚੋਣ ਤੇ ਨਿਰਭਰ ਸੀ, ਨਾ ਕਿ ਇਸ ਤੇ ਕਿ ਕਿਹੜਾ ਪੁੱਤਰ ਪਲੌਠਾ ਸੀ। ਸ਼ੇਮ ਦਾ ਤੋ 100 ਸਾਲ ਦੀ ਉਮਰ ਵਿੱਚ ਬੱਚਿਆਂ ਨੂੰ ਜਨਮ ਦੇਣਾ ਅਤੇ 600 ਸਾਲ ਦੀ ਉਮਰ ਵਿੱਚ ਮਰਨਾ ਵੀ ਉਸ ਨੂੰ ਉਨ੍ਹਾਂ ਲੋਕਾਂ ਵਿਚਕਾਰ ਜਿਹੜੇ ਜਲ ਪਰਲੋਂ ਤੋਂ ਪਹਿਲਾਂ ਜੀਉਂਦੇ ਸਨ ਅਤੇ ਜਿਹੜੇ ਜਲ ਪਰਲੋ ਤੋਂ ਬਾਅਦ ਜੀਉਂਦੇ ਰਹੇ ਉਸ ਨੂੰ ਇੱਕ ਅਸਥਾਈ ਵਿਅਕਤੀ ਬਣਾਉਂਦਾ ਹੈ। ਉਦਾਹਰਣ ਦੇ ਲਈ, ਅਧਿਆਇ 5 ਵਿੱਚ, ਉਨ੍ਹਾਂ ਦੀ ਜਿਨ੍ਹਾਂ ਨੇ ਬੱਚਿਆਂ ਨੂੰ ਜਨਮ ਦਿੱਤਾ ਔਸਤਨ ਉਮਰ 156 ਸਾਲ ਸੀ ਅਤੇ ਮੌਤ ਸਮੇਂ ਉਨ੍ਹਾਂ ਦੀ ਔਸਤਨ ਉਮਰ 858 ਸਾਲ ਸੀ। ਅਧਿਆਇ 11 ਵਿੱਚ, ਜਦ ਪਰਲੋ ਤੋਂ ਬਾਅਦ ਜੋ ਲੋਕ ਬਚ ਗਏ ਸਨ ਉਨ੍ਹਾਂ ਦੀ ਅਨੁਸਾਰੀ ਔਸਤਨ ਉਮਰ 43 ਸਾਲ ਦੀ ਜਦੋਂ ਉਨ੍ਹਾਂ ਨੇ ਬੱਚਿਆਂ ਨੂੰ ਜਨਮ ਦਿੱਤਾ ਅਤੇ ਮੌਤ ਸਮੇਂ ਉਨ੍ਹਾਂ ਦੀ ਔਸਤਨ ਉਮਰ 333 ਸਾਲ ਸੀ।

**ਆਇਤਾਂ 12, 13. ਅਰਪਕਸ਼ਦ** 35 ਸਾਲ ਦਾ ਸੀ ਜਦੋਂ ਉਸ ਤੋਂ **ਸ਼ਲਹ** ਜੰਮਿਆ ਅਤੇ ਉਹ ਸ਼ਲਹ ਦੇ ਜਨਮ ਲੈਣ ਤੋਂ ਬਾਅਦ 403 ਸਾਲ ਤੱਕ ਜੀਉਂਦਾ ਰਿਹਾ, 438 ਸਾਲ ਦੀ ਉਮਰ ਤੱਕ (10:24 ਤੇ ਟਿੱਪਣੀਆਂ ਵੇਖੋ)। ਜਲ ਪਰਲੋ ਤੋਂ ਬਾਅਦ ਪਿਉ ਦਾਦਿਆਂ ਦਾ ਜੀਵਨ ਕਾਲ ਘੱਟ ਗਿਆ ਸੀ, ਜਿਸ ਕਾਰਣ ਅਰਪਕਸ਼ਦ ਦਾ ਜੀਵਨ (438 ਸਾਲ) ਜੋ ਕਿ ਉਸ ਦੇ ਪਿਤਾ ਸ਼ੇਮ (600 ਸਾਲ) ਦੇ ਜੀਵਨ ਕਾਲ ਦਾ ਲਗਭਗ ਦੋ-ਤਿਹਾਈ ਹੈ। ਕੁਝ ਲੋਕ ਇਸ ਨੂੰ ਮਨੁੱਖ ਦੇ ਜੀਵਨ ਕਾਲ ਨੂੰ ਘੱਟ ਕੇ ਲਗਭਗ 120 ਦਾ ਹੋਣ ਦੀ ਸ਼ੁਰੂਆਤ ਦੇ ਰੂਪ ਵਿੱਚ ਵੇਖਦੇ ਹਨ (6:3 ਤੇ ਟਿੱਪਣੀਆਂ ਵੇਖੋ)।

**ਆਇਤਾਂ 14, 15. ਸ਼ਲਹ** 30 ਸਾਲ ਦਾ ਸੀ ਜਦੋਂ ਉਸ ਤੋਂ **ਏਬਰ** ਜੰਮਿਆ। ਸ਼ਲਹ 403 ਸਾਲ ਤੱਕ ਹੋਰ ਜੀਉਂਦਾ ਰਿਹਾ, ਕੁੱਲ 433 ਸਾਲ ਦੀ ਉਮਰ ਤੀਕ (10:24 ਤੇ ਟਿੱਪਣੀਆਂ ਵੇਖੋ)।

**ਆਇਤਾਂ 16, 17. ਏਬਰ** 34 ਸਾਲ ਦਾ ਸੀ ਜਦੋਂ ਉਸ ਤੋਂ ਪਲਗ ਜੰਮਿਆ। ਉਹ 430 ਸਾਲ ਹੋਰ ਜੀਉਂਦਾ ਰਿਹਾ ਅਤੇ ਕੁੱਲ 464 ਸਾਲ ਦੀ ਉਮਰ ਦਾ ਹੋ ਕੇ ਮਰਿਆ (10:24 ਤੇ ਟਿੱਪਣੀਆਂ ਵੇਖੋ)। ਯਹੂਦੀ ਲੋਕ ਏਬਰ ਤੋਂ ਨਿੱਕਲੇ ਸਨ, ਜਿਸ ਤੋਂ ਪਰਤੱਖ ਰੂਪ ਵਿੱਚ "ਇਬਰਾਨੀ" ਨਾਂ ਨਿੱਕਲਿਆ ਹੈ, ਹਾਲਾਂਕਿ ਕੁਲਪੱਤ੍ਰੀ ਲਿਖਤ ਵਿੱਚ ਉਸ ਦੇ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਸੀ।

**ਆਇਤਾਂ 18, 19. ਪਲਗ** 30 ਸਾਲ ਦਾ ਸੀ ਜਦੋਂ ਉਸ ਤੋਂ **ਰਊ** ਜੰਮਿਆ। ਉਹ 209 ਸਾਲ

ਹੋਰ ਜੀਉਂਦਾ ਰਿਹਾ, ਕੁੱਲ ਮਿਲਾ ਕੇ ਉਸ ਦਾ ਜੀਵਨ ਕਾਲ 239 ਸਾਲ ਦਾ ਸੀ (10:25 ਤੇ ਟਿੱਪਣੀਆਂ ਵੇਖੋ)।

ਪਲਗ ਤੋਂ ਸ਼ੁਰੂਆਤ ਕਰਦਿਆਂ, ਜਿਹੜੇ ਸ਼ੇਮ ਦੀ ਵੰਸ਼ਾਵਲੀ ਵਿੱਚ ਸਨ ਉਨ੍ਹਾਂ ਦੇ ਜੀਵਨ ਕਾਲ ਹੋਰ ਵੀ ਜ਼ਿਆਦਾ ਛੋਟੇ ਹੋ ਗਏ। ਪਲਗ ਦਾ ਜੀਵਨ ਕਾਲ ਆਪਣੇ ਪਿਤਾ ਏਬਰ ਤੋਂ ਲਗਭਗ ਅੱਧਾ ਹੀ ਸੀ। ਉਹ ਏਬਰ ਦੀ ਚੁਣੀ ਹੋਈ ਅਤੇ ਨਾ ਚੁਣੀ ਹੋਈ ਸੰਤਾਨ ਵਿਚਕਾਰ ਵੰਡ ਦਾ ਵੀ ਪ੍ਰਤੀਕ ਹੈ। ਇਨ੍ਹਾਂ ਦੋਹਾਂ ਵੰਸ਼ਾਂ ਦੀ ਵੰਡ ਉਨ੍ਹਾਂ ਦੀ ਵਿਅਕਤੀਗਤ ਸੰਤਾਨ ਦੀ ਮੁਕਤੀ ਜਾਂ ਸਜ਼ਾ ਨੂੰ ਤੈਅ ਨਹੀਂ ਸੀ ਕਰਦੀ, ਪਰ ਇਹ ਜ਼ਰੂਰ ਦੱਸਦੀ ਸੀ ਕਿ ਕਿਸ ਵੰਸ਼ ਦੀ ਰਾਹੀਂ ਪਰਮੇਸ਼ੁਰ ਸੰਸਾਰ ਵਿੱਚ ਅਬਰਾਹਾਮ, ਇਸਰਾਏਲ ਅਤੇ ਆਖ਼ਰਕਾਰ ਯਿਸੂ ਮਸੀਹ ਨੂੰ ਲੈ ਕੇ ਆਵੇਗਾ।

**ਆਇਤਾਂ 20, 21.** ਪਲਗ ਦੇ ਪੁੱਤਰ **ਰਊ** ਦਾ ਜ਼ਿਕਰ ਪੁਰਾਣੇ ਨੇਮ ਵਿੱਚ ਇਸ ਸੰਦਰਭ ਵਿੱਚ ਕੀਤਾ ਗਿਆ ਹੈ, ਪਰ ਕੁਝ ਲੋਕ ਉਸ ਦੇ ਨਾਮ ਨੂੰ "ਰਊਏਲ ਦੇ ਨਾਲ ਜੋੜਦੇ ਹਨ। ਏਸਾਓ ਦੇ ਪੁੱਤਰ ਦਾ ਇਹ ਨਾਮ ਸੀ (36:4, 10, 13) ਅਤੇ ਇੱਕ ਹੋਰ "ਰਊਏਲ" ਮੂਸਾ ਦਾ ਸਹੁਰਾ ਸੀ (ਕੂਚ 2:18)। ਇਸ ਨਾਮ ਦਾ ਅਰਥ "ਪਰਮੇਸ਼ੁਰ ਦਾ ਮਿੱਤਰ" ਹੋ ਸਕਦਾ ਹੈ। ਰਊ 32 ਸਾਲ ਦਾ ਸੀ ਜਦੋਂ **ਸਰੂਗ** ਦਾ ਜਨਮ ਹੋਇਆ ਅਤੇ ਫਿਰ ਉਹ 207 ਸਾਲ ਹੋਰ ਜੀਉਂਦਾ ਰਿਹਾ। ਆਪਣੇ ਪਿਤਾ ਪਲਗ ਦੇ ਵਾਂਗ, ਉਹ ਜਦੋਂ ਮਰਿਆ ਤਾਂ ਉਹ 239 ਸਾਲ ਦਾ ਸੀ।

**ਆਇਤਾਂ 22, 23. ਸਰੂਗ** ਨਾਮ ਇਸ ਵਿਅਕਤੀ ਨੂੰ ਪਲਗ ਦੀ ਇੱਕ "ਸੰਤਾਨ" ਜਾਂ "ਜਵਾਨ ਸ਼ਾਖਾ" ਦੇ ਤੌਰ ਤੇ ਪਛਾਣ ਸਕਦਾ ਹੈ। ਇਸ ਨੂੰ ਇਬਰਾਨੀ ਸ਼ਬਦ שָׂרִיג (*ਸਾਰਿਗ*) ਨਾਲ ਜੋੜਿਆ ਜਾ ਸਕਦਾ ਹੈ ਜਿਸ ਦਾ ਅਰਥ ਹੈ "ਜ਼ੁਲਫ" ਜਾਂ "ਟਹਿਣੀ।"[14] "ਸਰੂਗ" ਨੂੰ ਸਰੂਗੀ ਨਵੇਂ-ਅੱਸ਼ੂਰ ਨਾਲ ਜੋੜਿਆ ਜਾਂਦਾ ਹੈ, ਜੋ ਕਿ ਉੱਤਰ ਪੱਛਮੀ ਮਸੋਪੋਤਾਮੀਆ ਵਿੱਚ ਪ੍ਰਾਚੀਨ ਹਾਰਾਨ ਦੇ ਪੱਛਮ ਵੱਲ ਲਗਭਗ ਪੈਂਤੀ ਮੀਲ ਸੀ।[15] 30 ਸਾਲ ਵਿੱਚ, ਸਰੂਗ ਤੋਂ ਨਾਹਰ ਜੰਮਿਆ ਅਤੇ ਫਿਰ ਉਹ 200 ਸਾਲ ਤੱਕ ਹੋਰ ਜੀਉਂਦਾ ਰਿਹਾ। ਸਰੂਗ ਦੀ ਉਮਰ ਮਰਨ ਸਮੇਂ 230 ਸਾਲ ਸੀ।

**ਆਇਤਾਂ 24, 25. ਨਾਹੋਰ** 29 ਸਾਲ ਦਾ ਸੀ ਜਦੋਂ ਉਸ ਤੋਂ **ਤਾਰਹ** ਜੰਮਿਆ। ਉਸ ਤੋਂ ਬਾਅਦ, ਉਹ ਮਰਨ ਤੋਂ ਪਹਿਲਾਂ 119 ਸਾਲ ਤੱਕ ਹੋਰ ਜੀਉਂਦਾ ਰਿਹਾ। ਕੁੱਲ ਮਿਲਾ ਕੇ ਉਸ ਦਾ ਜੀਵਨਕਾਲ 148 ਸਾਲ ਦਾ ਸੀ।

**ਆਇਤ 26. ਤਾਰਹ** ਆਖ਼ਰੀ ਵਿਅਕਤੀ ਹੈ ਜਿਸ ਦੀ ਇਸ ਭਾਗ ਵਿੱਚ ਜਾਣ-ਪਛਾਣ ਕਰਾਈ ਗਈ ਹੈ। ਉਹ 70 ਸਾਲ ਦਾ ਸੀ ਜਦੋਂ ਉਸ ਤੋਂ ਪੁੱਤਰ ਹੋਣੇ ਸ਼ੁਰੂ ਹੋਏ। ਤਾਰਹ **ਤੋਂ ਅਬਰਾਮ**, **ਨਾਹੋਰ ਅਰ ਹਾਰਾਨ ਜੰਮੇ** ਅਤੇ ਇਸ ਲਈ ਉਹ ਉਨ੍ਹਾਂ ਸਭਨਾਂ ਲੋਕਾਂ ਦਾ ਪੁਰਖਾ ਹੈ ਜਿਨ੍ਹਾਂ ਨੇ ਇਨ੍ਹਾਂ ਤਿੰਨਾਂ ਮਨੁੱਖਾਂ ਤੋਂ ਜਨਮ ਲਿਆ। ਉਹ 135 ਸਾਲ ਤੱਕ ਹੋਰ ਜੀਉਂਦਾ ਰਿਹਾ ਅਤੇ ਫਿਰ 205 ਸਾਲ ਦੀ ਉਮਰ ਵਿੱਚ ਮਰ ਗਿਆ (11:32)।

ਅਬਰਾਹਾਮ ਦੇ ਦਾਦੇ (11:24) ਅਤੇ ਉਸ ਦੇ ਭਰਾਵਾਂ ਵਿੱਚੋਂ ਵੀ ਇੱਕ ਦਾ ਨਾਮ (11:26) ਨਾਮ "ਨਾਹੋਰ" ਸੀ। ਉਸ ਦਾ ਭਰਾ ਜਿਸ ਦਾ ਨਾਮ ਨਾਹੋਰ ਸੀ ਉਸ ਨੇ ਪਿਉ ਦਾਦਿਆਂ ਦੀਆਂ ਕਹਾਣੀਆਂ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਈ (22:20-24; 31:53) ਅਤੇ 24:10 ਵਿੱਚ "ਨਾਹੋਰ ਦੇ ਨਗਰ" ਦਾ ਜ਼ਿਕਰ ਕੀਤਾ ਗਿਆ ਹੈ। ਮਸੋਪੋਤਾਮੀਆ ਦੀਆਂ ਕਈ ਪ੍ਰਾਚੀਨ ਮੂਲ ਲਿਖਤਾਂ ਦੇ ਅਨੁਸਾਰ, ਕਈਆਂ ਨੇ ਇਸ ਨਾਮ ਨੂੰ ਨਾਹੁਰ ਨਗਰ ਦੇ ਨਾਲ ਜੋੜਿਆ ਹੈ, ਜਿਹੜਾ ਕਿ ਹਾਰਾਨ ਦੇ ਨੇੜੇ ਸਥਿਤ ਸੀ।[16] "ਨਾਹੋਰ ਦੇ ਨਗਰ" ਦਾ ਅਰਥ ਇਹ ਨਹੀਂ ਹੈ ਕਿ ਇਹ ਉਸ ਨਗਰ ਦਾ ਨਾਮ ਸੀ, ਪਰ ਇਸ ਦਾ ਅਰਥ ਇਹ ਹੋ ਸਕਦਾ ਹੈ ਜਿੱਥੇ ਨਾਹੋਰ ਰਹਿੰਦਾ

ਸੀ, ਜੋ ਕਿ ਹਾਰਾਨ ਸੀ (11:31; 27:43; 28:10; 29:4)।

## ਤਾਰਹ ਦਾ ਪਰਿਵਾਰ (11:27-32)

ਅਗਲਾ ਭਾਗ ਖ਼ਾਸ ਕਰਕੇ ਮਹੱਤਵਪੂਰਣ ਹੈ ਕਿਉਂਕਿ ਇਹ 1 ਤੋਂ 11 ਅਧਿਆਵਾਂ ਵਿੱਚ ਅੱਤ ਪ੍ਰਾਚੀਨ ਇਤਹਾਸ ਤੋਂ ਲੈ ਕੇ 12 ਤੋਂ 50 ਅਧਿਆਵਾਂ ਵਿੱਚ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਦੇ ਪਿਉ ਦਾਦਿਆਂ ਤੱਕ ਇੱਕ ਤਬਦੀਲੀ ਪ੍ਰਦਾਨ ਕਰਦਾ ਹੈ। ਇੱਥੇ ਸਾਡੇ ਕੋਲ ਅਬਰਾਮ, ਜਾਂ ਅਬਰਾਹਾਮ ਦੀ ਜਾਣ-ਪਛਾਣ ਹੈ ਜਿਹੜਾ ਕਿ ਬਾਈਬਲ ਦੀ ਉਸ ਕਹਾਣੀ ਦੇ ਲਈ ਇੰਨਾ ਵਿਸ਼ੇਸ਼ ਹੈ ਕਿ ਪਰਮੇਸ਼ੁਰ ਨੇ ਖੁਦ ਨੂੰ "ਅਬਰਾਹਾਮ ਦੇ ਪਰਮੇਸ਼ੁਰ" ਅਤੇ ਕੂਚ 3:6, 15 ਵਿੱਚ ਉਸ ਦੀ ਸੰਤਾਨ ਵਜੋਂ ਪਛਾਣਿਆ। ਪੌਲੁਸ ਦੁਆਰਾ ਮਸੀਹੀ ਲੋਕਾਂ ਨੂੰ "ਅਬਰਾਹਾਮ ਦੇ ਪੁੱਤ੍ਰ" ਕਿਹਾ ਗਿਆ ਸੀ (ਗਲਾਤੀਆਂ 3:7)।

### ਤਾਰਹ ਦੀ ਕੁਲਪੱਤਰੀ (11:27-30)

**[27]ਏਹ ਤਾਰਹ ਦੀ ਕੁਲਪੱਤ੍ਰੀ ਹੈ। ਤਾਰਹ ਤੋਂ ਅਬਰਾਮ ਅਰ ਨਾਹੋਰ ਅਰ ਹਾਰਾਨ ਜੰਮੇ ਅਰ ਹਾਰਾਨ ਤੋਂ ਲੂਤ ਜੰਮਿਆ। [28]ਹਾਰਾਨ ਆਪਣੇ ਪਿਤਾ ਤਾਰਹ ਦੇ ਅੱਗੇ ਆਪਣੀ ਜਨਮ ਭੂਮੀ ਵਿੱਚ ਅਰਥਾਤ ਕਸਦੀਆਂ ਦੇ ਊਰ ਵਿੱਚ ਮਰ ਗਿਆ। [29]ਅਬਰਾਮ ਅਰ ਨਾਹੋਰ ਨੇ ਆਪਣੇ ਲਈ ਤੀਵੀਆਂ ਕੀਤੀਆਂ। ਅਬਰਾਮ ਦੀ ਪਤਨੀ ਦਾ ਨਾਉਂ ਮਿਲਕਾਹ ਸੀ ਜਿਹੜੀ ਹਾਰਾਨ ਦੀ ਧੀ ਸੀ ਜੋ ਮਿਲਕਾਹ ਅਰ ਯਿਸਕਾਹ ਦਾ ਪਿਤਾ ਸੀ। [30]ਪਰ ਸਾਰਈ ਬਾਂਝ ਸੀ, ਉਹ ਦਾ ਕੋਈ ਬੱਚਾ ਨਹੀਂ ਸੀ।**

**ਆਇਤਾਂ 27, 28.** ਤਾਰਹ ਦੀ ਕੁਲਪੱਤ੍ਰੀ [תּוֹלְדֹת, *ਟੋਲੇਡੋਥ*] ਦਾ ਬਿਰਤਾਂਤ ਛੇ ਛੋਟੀਆਂ ਆਇਤਾਂ ਵਿੱਚ ਦਿੱਤਾ ਗਿਆ ਹੈ (11:27-32)। ਉਤਪਤ ਵਿੱਚ ਤਾਰਹ ਦਾ ਫੇਰ ਜ਼ਿਕਰ ਨਹੀਂ ਕੀਤਾ ਗਿਆ ਅਤੇ ਸ਼ਾਇਦ ਉਹ ਅਬਰਾਹਾਮ ਦੀ ਨਿਹਚਾ ਵਿੱਚ ਸਾਂਝੀ ਨਹੀਂ ਸੀ। **ਅਬਰਾਮ**, **ਨਾਹੋਰ ਅਰ ਹਾਰਾਨ** ਦੇ ਨਾਮ ਸੂਚੀ ਵਿੱਚ ਤਾਰਹ ਦੇ ਪੁੱਤਰਾਂ ਵਜੋਂ ਦਿੱਤੇ ਗਏ ਹਨ, ਪਰ ਸ਼ਾਇਦ ਨਾਮ ਜਨਮ ਦੀ ਤਰਤੀਬ ਅਨੁਸਾਰ ਨਹੀਂ ਸੀ ਦਿੱਤੇ ਗਏ। ਸੂਚੀ ਵਿੱਚ ਅਬਰਾਹਾਮ ਦਾ ਸਥਾਨ ਸ਼ਾਇਦ ਇਸ ਲਈ ਨਹੀਂ ਹੈ ਕਿਉਂਕਿ ਉਹ ਤਾਰਹ ਦੇ ਪੁੱਤਰਾਂ ਵਿੱਚ ਪਹਿਲੌਠਾ ਸੀ, ਪਰ ਇਸ ਲਈ ਕਿਉਂਕਿ ਇਹ ਉਸ ਦਾ ਵੰਸ਼ ਸੀ ਜਿਹੜਾ ਉਤਪਤ 12:3 ਦੇ ਵਾਅਦੇ ਨੂੰ ਅੱਗੇ ਲੈ ਕੇ ਜਾਵੇਗਾ। ਸਮਾਂ ਆਉਣ ਤੇ, ਉਹ ਸਾਰੇ ਵਿਸ਼ਵਾਸੀਆਂ ਦਾ ਪਿਤਾ ਬਣੇਗਾ ਜਿਹੜੇ ਉਸ ਦੇ ਨਕਸ਼ੇ ਕਦਮਾਂ ਤੇ ਚੱਲਦੇ ਹਨ (ਰੋਮੀਆਂ 4:12, 16)।

**ਹਾਰਾਨ**, ਅਬਰਾਹਾਮ ਦਾ ਭਰਾ, **ਲੂਤ ਦਾ ਪਿਤਾ** ਸੀ। **ਉਹ ਆਪਣੇ ਪਿਤਾ ਤਾਰਹ ਅੱਗੇ** ਆਪਣੇ ਪਿਉ ਦਾਦਿਆਂ ਦੇ ਘਰ ਅਰਥਾਤ **ਕਸਦੀਆਂ ਦੇ ਊਰ ਵਿੱਚ ਮਰ ਗਿਆ**। ਇੱਥੇ ਅਤੇ 11:31 ਵਿੱਚ ਊਰ ਸ਼ਹਿਰ ਦੇ ਹਵਾਲਿਆਂ ਦਾ ਬਿਨਾਂ ਸ਼ੱਕ ਅਰਥ ਉੱਤਰੀ ਮਸੋਪੋਤਾਮੀਆ ਵਿੱਚ ਉਰਫਾ ਜਾਂ ਅਰਮੇਨੀਆ ਵਿੱਚ ਊਰਾ ਦੀ ਤੁਲਨਾ ਵਿੱਚ ਫਾਰਸੀ ਖਾੜੀ ਦੇ ਨੇੜੇ ਦੱਖਣੀਪੂਰਬ ਮਸੋਪੋਤਾਮੀਆ ਵਿੱਚ ਵੱਡਾ ਸ਼ਹਿਰ ਹੈ। ਊਰ ਤੀਸਰੇ ਹਜ਼ਾਰ ਵਰ੍ਹੇ ਈ.ਪੂ. ਵਿੱਚ ਇੱਕ ਮਹੱਤਵਪੂਰਣ ਧਾਰਮਿਕ ਅਤੇ ਰਾਜਨੀਤਕਿ ਕੇਂਦਰ ਸੀ। ਇਸ ਦੇ ਮਹਾਨ ਰਾਜਿਆਂ ਵਿੱਚੋਂ ਇੱਕ ਸੀ ਊਰ-ਨੱਮੂ, ਜਿਹੜਾ ਉਸ ਦੀ ਕਾਨੂੰਨ ਵਿਵਸਥਾ ਅਤੇ ਲਗਭਗ 2100 ਈ.ਪੂ. ਵਿੱਚ ਵੱਡੇ ਮੀਨਾਰ ਦੀ ਰਚਨਾ ਦੇ ਲਈ ਯਾਦ ਕੀਤਾ ਜਾਂਦਾ ਹੈ, ਜਿਸ ਦੇ ਬਾਕੀ ਬਚੇ ਹਿੱਸੇ ਅੱਜ ਦੇ ਦਿਨ ਤੱਕ ਵੇਖੇ ਜਾ ਸਕਦੇ ਹਨ।[17]

"ਕਸਦੀਆਂ ਦੇ" ਵਾਕ ਨਾਲ ਊਰ ਦੀ ਪਛਾਣ ਸੰਭਵ ਤੌਰ ਤੇ ਇਹੋ ਜਿਹੇ ਨਾਵਾਂ ਵਾਲੀਆਂ ਹੋਰਨਾਂ ਥਾਵਾਂ ਵਿੱਚ ਫ਼ਰਕ ਦਰਸਾਉਣ ਦੇ ਲਈ ਕੀਤੀ ਗਈ ਸੀ। ਉਪਲਬਧ ਪ੍ਰਮਾਣ ਸੁਝਾਅ ਦਿੰਦੇ ਹਨ ਕਿ ਕਸਦੀਏ (ਅੱਸ਼ੂਰੀ *ਕਾਲਦੁ*) ਲਗਭਗ 1000 ਈ.ਪੂ. ਦੇ ਇਰਦ ਗਿਰਦ ਪ੍ਰਾਚੀਨ ਬਾਬਲ ਦੇ ਖੇਤਰ ਇਲਾਕੇ ਵਿੱਚ ਗਏ ਸਨ, ਅਬਰਾਹਾਮ ਦੇ ਉੱਥੋਂ ਜਾਣ ਤੋਂ ਲਗਭਗ ਇੱਕ ਹਜ਼ਾਰ ਸਾਲ ਬਾਅਦ। ਜੇਕਰ ਇਹ ਸੱਚ ਹੈ, "ਕਸਦੀਆਂ ਦੇ ਊਰ" ਵਾਕ ਅਬਰਾਹਾਮ ਦੇ ਸਮੇਂ ਦੌਰਾਨ ਜਾਂ ਜਦੋਂ ਮੂਸਾ ਨੇ ਉਤਪਤ ਦੀ ਪੁਸਤਕ ਲਿਖੀ ਸੀ ਉਸ ਸਮੇਂ ਦੌਰਾਨ ਵਰਤਿਆ ਗਿਆ ਹੋਵੇਗਾ। ਇਸੇ ਕਾਰਣ, ਲੱਗਦਾ ਹੈ ਕਿ "ਕਸਦੀਆਂ ਦੇ" ਵਾਕ ਬਾਅਦ ਵਿੱਚ ਸੰਪਾਦਕ ਦੁਆਰਾ ਪਵਿੱਤਰ ਆਤਮਾ ਦੀ ਅਗਵਾਈ ਨਾਲ ਜੋੜਿਆ ਗਿਆ ਸੀ।

**ਆਇਤਾਂ 29, 30. ਅਬਰਾਮ ਅਰ ਨਾਹੋਰ** ਦੋਹਾਂ ਨੇ ਉਸ ਸਮੇਂ ਵਿਆਹ ਕਰਵਾਇਆ ਸੀ ਜਦੋਂ ਉਹ ਹਾਲੇ ਊਰ ਵਿੱਚ ਸਨ। **ਅਬਰਾਮ ਦੀ ਪਤਨੀ** ਨੂੰ, ਜਿਸ ਦਾ ਨਾਉਂ **ਸਾਰਈ** ਸੀ, ਅੱਗੇ ਚੱਲ ਕੇ ਉਸ ਦੀ ਮਤਰੇਈ ਭੈਣ ਦੇ ਰੂਪ ਵਿੱਚ ਪਛਾਣਿਆ ਗਿਆ ਹੈ (20:2, 5, 12)। ਉਹ **ਬਾਂਝ ਸੀ**। **ਨਾਹੋਰ ਦੀ ਪਤਨੀ** ਦਾ ਨਾਮ **ਮਿਲਕਾਹ** ਸੀ। ਉਹ ਉਹ ਹਾਰਾਨ ਦੀ ਧੀ ਸੀ, ਜਿਸ ਦਾ ਅਰਥ ਇਹ ਹੈ ਕਿ ਨਾਹੋਰ ਨੇ ਆਪਣੀ ਭਣੇਵੀਂ ਨਾਲ ਵਿਆਹ ਕਰਵਾਇਆ ਸੀ।

ਬਾਅਦ ਵਿੱਚ ਮੂਸਾ ਦੀ ਸ਼ਰਾ ਵਿੱਚ ਮਤਰੇਈ ਭੈਣ ਨਾਲ ਵਿਆਹ ਕਰਨ ਦੀ ਮਨਾਹੀ ਕੀਤੀ ਗਈ ਸੀ (ਲੇਵੀਆਂ 18:9; 20:17; ਬਿਵਸਥਾ ਸਾਰ 27:22), ਪਰ ਮਾਮੇ ਦਾ ਆਪਣੀ ਭਣੇਵੀਂ ਨਾਲ ਵਿਆਹ ਕਰਵਾਉਣ ਦੀ ਮਨਾਹੀ ਸੀ, ਹਾਲਾਂਕਿ ਭਤੀਜੇ ਅਤੇ ਚਾਚੀ ਵਿਚਕਾਰ ਵਿਆਹ ਕਰਵਾਉਣ ਦੇ ਪਾਬੰਦੀ ਲਗਾਈ ਗਈ ਸੀ (ਲੇਵੀਆਂ 18:14; 20:20)। ਇਨ੍ਹਾਂ ਦੋਹਾਂ ਦੇ ਸੰਬੰਧਾਂ ਦੇ ਵੱਖ-ਵੱਖ ਮੁਲਾਂਕਣਾਂ ਦੇ ਲਈ ਕੋਈ ਕਾਰਣ ਨਹੀਂ ਦਿੱਤਾ ਗਿਆ ਹੈ, ਪਰ ਕੁਝ ਲੋਕਾਂ ਨੇ ਇਹ ਅਨੁਮਾਨ ਲਗਾਇਆ ਸੀ ਕਿ ਦੂਜਾ ਮੁਲਾਂਕਣ ਜ਼ਿਆਦਾ ਸਵੀਕਾਰਯੋਗ ਹੋਵੇਗਾ ਕਿਉਂਕਿ ਭੜਕਾਉਣ ਵਾਲੇ ਪੁਰਸ਼ ਪੁਰਾਣੀ ਪੀੜ੍ਹੀ ਵਿੱਚੋਂ ਸਨ।

ਅਬਰਾਹਾਮ ਦੀ ਤੀਵੀਂ ਦਾ ਅਸਲੀ ਨਾਮ "ਸਾਰਈ" ਸੀ, ਪਰ ਬਾਅਦ ਵਿੱਚ "ਸਾਰਾਹ" ਵਿੱਚ ਬਦਲ ਦਿੱਤਾ ਗਿਆ ਸੀ। ਦੋਹਾਂ ਨਾਵਾਂ ਦੇ ਰੂਪ ਸ਼ਾਇਦ שָׂרָה (*ਸਾਰਾਹ*) ਸ਼ਬਦ ਤੋਂ ਆਉਂਦੇ ਹਨ ਜਿਸ ਦਾ ਅਰਥ ਹੈ "ਰਾਜਕੁਮਾਰੀ," ਜਦ ਕਿ "ਮਿਲਕਾਹ" ਸ਼ਬਦ מַלְכָּה (*ਮਲਕਾਹ*) ਤੋਂ ਆਇਆ ਹੈ ਜਿਸ ਦਾ ਅਰਥ ਹੈ "ਰਾਣੀ।" ਪ੍ਰਾਚੀਨ ਮਸੋਪੋਤਾਮੀਆ ਵਿੱਚ ਅਕਾਦੀਅਨ ਭਾਸ਼ਾ ਵਿੱਚ "*ਸਰਾਤੂ* ਚੰਦ ਦੇਵਤਾ ਪਾਪ ਦੀ ਪਤਨੀ ਸੀ ਅਤੇ *ਮਲਕਾਤੂ* ਉਸ ਦੀ ਬੇਟੀ ਸੀ।"[18] "ਸਾਰਈ" (ਸਾਰਾਹ) ਅਤੇ "ਮਿਲਕਾਹ" ਨਾਮ ਅਜਿਹੀ ਗੈਰ-ਯਹੂਦੀ ਪੁਰਾਣਕ ਕਥਾਂ ਵਿੱਚੋਂ ਲਏ ਗਏ ਹੋ ਸਕਦੇ ਹਨ ਜੋ ਯਹੋਸ਼ੁਆ ਦੇ ਇਸ ਕਥਨ ਦਾ ਸਮਰਥਨ ਕਰਦੀ ਸੀ ਕਿ ਤਾਰਹ, ਅਬਰਾਹਾਮ ਅਤੇ ਨਾਹੋਰ "ਦੂਜੇ ਦੇਵਤਿਆਂ ਦੀ ਉਪਾਸਨਾ ਕਰਦੇ ਸਨ" ਜਦੋਂ ਉਹ "ਦਰਿਆ [ਫ਼ਰਾਤ] ਦੇ ਪਾਰ ਵੱਸਦੇ ਸਨ" (ਯਹੋਸ਼ੁਆ 24:2)। ਊਰ ਅਤੇ ਹਾਰਾਨ ਦੋਵੇਂ – ਪਿਉ ਦਾਦਿਆਂ ਦੇ ਪਰਿਵਾਰ ਦੇ ਪਹਿਲੇ ਘਰ – ਚੰਦ ਦੇਵਤਾ ਪਾਪ ਦੀ ਪੂਜਾ ਦੇ ਕੇਂਦਰ ਸਨ। ਇਸ ਗੱਲ ਦਾ ਨਿਸ਼ਚਤ ਤੌਰ ਤੇ ਕੋਈ ਨਾ ਕੋਈ ਅਸਰ ਜ਼ਰੂਰ ਸੀ ਕਿ ਕਿਉਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਆਪਣੇ ਸੱਭਿਆਚਾਰਕ, ਰਾਜਨੀਤਿਕ ਅਤੇ ਪਰਿਵਾਰਕ ਸੰਬੰਧਾਂ ਨੂੰ ਤੋੜ ਕੇ ਅਤੇ ਉਨ੍ਹਾਂ ਦੋਵਾਂ ਥਾਵਾਂ ਨੂੰ ਛੱਡ ਕੇ ਕਨਾਨ ਦੇਸ ਵਿੱਚ ਜਾਣ ਅਤੇ ਇੱਕ ਨਵੀਂ ਸ਼ੁਰੂਆਤ ਕਰਨ ਦੇ ਲਈ ਬੁਲਾਇਆ ਸੀ।

**ਤਾਰਹ ਦੇ ਪਰਿਵਾਰ ਦਾ ਦੂਜੇ ਦੇਸ ਵਿੱਚ ਜਾਣਾ (11:31, 32)**

**[31]ਤਾਰਹ ਆਪਣੇ ਪੁੱਤ੍ਰ ਅਬਰਾਮ ਨੂੰ ਅਰ ਲੂਤ ਹਾਰਾਨ ਦੇ ਪੁੱਤ੍ਰ ਆਪਣੇ ਪੋਤੇ ਨੂੰ ਅਰ ਸਾਰਈ ਆਪਣੀ ਨੂਹ ਆਪਣੇ ਪੁੱਤ੍ਰ ਅਬਰਾਮ ਦੀ ਪਤਨੀ ਨੂੰ ਲੈਕੇ ਉਨ੍ਹਾਂ ਨਾਲ ਕਸਦੀਮ ਦੇ ਊਰ**

**ਤੋਂ ਕਨਾਨ ਦੇਸ ਨੂੰ ਜਾਣ ਲਈ ਨਿੱਕਲਿਆ ਅਤੇ ਓਹ ਹਾਰਾਨ ਵਿੱਚ ਆਏ ਅਰ ਉੱਥੇ ਵੱਸ ਗਏ।**
[32]**ਤਾਰਹ ਦੀ ਉਮਰ ਦੋ ਸੌ ਪੰਜਾਂ ਵਰਿਹਾਂ ਦੀ ਸੀ ਅਰ ਤਾਰਹ ਹਾਰਾਨ ਵਿੱਚ ਮਰ ਗਿਆ।**

**ਆਇਤ 31.** ਜਦਕਿ ਇਹ ਆਇਤ ਅਸਲ ਵਿਚ ਇਹ ਨਹੀਂ ਕਹਿੰਦੀ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ **ਕਸਦੀਮ ਦੇ ਊਰ** ਨੂੰ ਛੱਡ ਕੇ **ਕਨਾਨ ਦੇਸ** ਨੂੰ ਚਲੇ ਜਾਣ ਦੇ ਲਈ ਬੁਲਾਇਆ ਸੀ, ਅਜਿਹਾ 15:7, ਨਹਮਯਾਹ 9:7 ਅਤੇ ਰਸੂਲਾਂ ਦੇ ਕਰਤੱਬ 7:2-4 ਵਿਚ ਕਿਹਾ ਗਿਆ ਹੈ। ਇਸ ਬਿੰਦੂ ਤੇ, ਲੇਖਕ ਇਹ ਮੰਨਦਾ ਹੈ ਕਿ ਉਸ ਦੇ ਪਾਠਕਾਂ ਨੂੰ ਪਤਾ ਹੈ ਕਿ ਪਰਮੇਸ਼ੁਰ ਦੀ ਇੱਕ ਬੁਲਾਹਟ ਹੋਈ ਸੀ, ਨਹੀਂ ਤਾਂ, ਉਸ ਪਰਿਵਾਰ ਨੂੰ ਕੋਈ ਲੋੜ ਨਹੀਂ ਸੀ ਕਿ ਉਹ ਊਰ ਵਿਚਲੇ ਆਪਣੇ ਘਰ ਨੂੰ ਛੱਡ ਕੇ ਇੱਕ ਅਣਜਾਣ ਦੇਸ ਵਿਚ ਜਾਣ ਦੇ ਲਈ ਲੰਬੀ ਅਤੇ ਖਤਰਨਾਕ ਯਾਤਰਾ ਤੈਅ ਕਰੇ। ਉਤਪਤ 11:31 ਆਇਤ ਸੰਕੇਤ ਦਿੰਦੀ ਹੈ ਕਿ, ਆਪਣੇ ਪਰਿਵਾਰ ਨੂੰ ਪਿੱਛੇ ਛੱਡਣ ਦੀ ਇਜਾਜ਼ਤ ਦੇਣ ਦੀ ਬਜਾਇ ਜਿਵੇਂ ਪਰਮੇਸ਼ੁਰ ਨੇ ਉਸ ਨੂੰ ਨਿਰਦੇਸ਼ ਦਿੱਤਾ ਸੀ, **ਤਾਰਹ** ਨੇ ਆਪਣੇ ਪਿਤਾ ਦੇ ਅਧਿਕਾਰ ਦਾ ਇਸਤੇਮਾਲ ਕੀਤਾ ਅਤੇ **ਅਬਰਾਮ ਅਰ ਲੂਤ ਅਰ ਸਾਰਈ** ਨੂੰ **ਲੈਕੇ ਕਨਾਨ ਦੇਸ ਨੂੰ ਜਾਣ ਲਈ ਨਿੱਕਲਿਆ**।

ਕਾਰਣ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਪਰਿਵਾਰ ਨੇ ਆਪਣੀ ਯਾਤਰਾ ਤੁਰੰਤ ਪੂਰੀ ਨਹੀਂ ਕੀਤੀ। ਲਿਖਤ ਇਹ ਕਹਿੰਦੀ ਹੈ ਕਿ **ਉਹ ਹਾਰਾਨ ਵਿੱਚ ਆਏ ਅਰ ਉੱਥੇ ਵੱਸ ਗਏ**। "ਹਾਰਾਨ" ਉੱਤਰ-ਪੱਛਮੀ ਮਸੋਪੋਤਾਮੀਆ ਵਿਚ ਫਰਾਤ ਦਰਿਆ ਦੀ ਇੱਕ ਸਹਾਇਕ ਨਦੀ ਵਿਚ ਸੀ। ਊਰ ਤੋਂ ਕਨਾਨ ਦਾ ਸਫਰ ਅੱਧ ਤੋਂ ਥੋੜ੍ਹਾ ਕੁ ਜ਼ਿਆਦਾ ਸੀ।

**ਆਇਤ 32.** ਪਰਿਵਾਰ ਕਈ ਸਾਲਾਂ ਤੱਕ **ਹਾਰਾਨ ਵਿੱਚ** ਰਿਹਾ, ਜਦੋਂ ਤੱਕ ਤਾਰਹ 205 ਸਾਲ ਦੀ ਉਮਰ ਵਿਚ ਮਰ ਨਾ ਗਿਆ। ਅਬਰਾਹਾਮ ਨੇ ਫਿਰ ਕਨਾਨ ਜਾਣ ਲਈ ਯਹੋਵਾਹ ਦੇ ਹੁਕਮ ਦੀ ਪਾਲਣਾ ਕੀਤੀ (12:1-3)।

ਤਾਰਹ ਦੇ ਜੀਵਨ ਦੇ 205 ਸਾਲਾਂ ਨੂੰ ਇੱਕ ਕਾਲਕ੍ਰਮਿਕ ਸਮੱਸਿਆ ਦੇ ਰੂਪ ਵਿਚ ਵੇਖਿਆ ਗਿਆ ਹੈ। ਕੁਝ ਲੋਕਾਂ ਨੇ 11:26 ਇਸ ਬਿਆਨ ਨੂੰ ਸਮਝ ਲਿਆ ਹੈ ਕਿ ਅਬਰਾਹਾਮ ਦਾ ਜਨਮ ਹੋਣ ਦੇ ਸਮੇਂ ਤਾਰਹ 70 ਸਾਲਾਂ ਦਾ ਸੀ। ਇਹ ਅਬਰਾਹਾਮ ਦੇ ਪਿਤਾ ਤਾਰਹ ਦੀ ਮੌਤ ਦੇ ਸਮੇਂ ਅਤੇ ਉਸ ਦੇ ਹਾਰਾਨ ਤੋਂ ਨਿਕਲਣ ਦੇ ਸਮੇਂ ਉਸ ਦੀ ਉਮਰ ਨੂੰ 135 ਸਾਲਾਂ ਦਾ ਬਣਾ ਦੇਵੇਗਾ। ਹਾਲਾਂਕਿ, 12:4 ਆਇਤ ਸਪੱਸ਼ਟ ਤੌਰ ਤੇ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਜਦੋਂ ਅਬਰਾਹਾਮ ਨੇ ਕਨਾਨ ਜਾਣ ਦੇ ਲਈ ਹਾਰਾਨ ਨੂੰ ਛੱਡਿਆ ਸੀ ਉਸ ਸਮੇਂ ਉਸ ਦੀ ਉਮਰ 75 ਸਾਲਾਂ ਦੀ ਸੀ। ਜਦਕਿ ਇਸ ਮੁਸ਼ਕਲ ਨੂੰ ਹੱਲ ਕਰਨ ਦੇ ਲਈ ਕਈ ਹੱਲ ਪੇਸ਼ ਕੀਤੇ ਗਏ ਹਨ, ਪਰ ਸਿਰਫ ਦੋ ਪ੍ਰਮੁੱਖ ਹੱਲਾਂ ਦੀ ਹੀ ਚਰਚਾ ਕੀਤੀ ਜਾਵੇਗੀ।

ਪਹਿਲਾ ਹੱਲ 11:32 ਵਿਚ ਉਸ ਦੀ ਮੌਤ ਦੇ ਦੌਰਾਨ ਤਾਰਹ ਦੀ ਉਮਰ ਨੂੰ ਸ਼ਾਮਲ ਕਰਦਾ ਹੈ। ਜਦਕਿ MT ਕਹਿੰਦਾ ਹੈ ਕਿ ਉਹ 205 ਸਾਲਾਂ ਦਾ ਸੀ, ਸਾਮਰੀਆਂ ਦੇ ਪੰਚਗ੍ਰੰਥ ਵਿਚ 145 ਸਾਲ ਹੈ। ਕੁਝ ਵਿਦਵਾਨ ਸੋਚਦੇ ਹਨ ਕਿ ਬਾਅਦ ਦਾ ਖਰੜਾ ਅਸਲੀ ਪਾਠਾਂ ਨੂੰ ਦਰਸਾਉਂਦਾ ਹੈ। ਜੇਕਰ ਇਸ ਦੇ ਅਨੁਸਾਰ ਵੇਖਿਆ ਜਾਵੇ, ਅਬਰਾਹਾਮ ਦਾ ਜਨਮ ਉਸ ਸਮੇਂ ਹੋਇਆ ਸੀ ਜਦੋਂ ਤਾਰਹ 70 ਸਾਲਾਂ ਦਾ ਸੀਅਤੇ ਜਦੋਂ ਅਬਰਾਹਾਮ ਦੇ ਪਿਤਾ ਦੀ 145 ਸਾਲਾਂ ਦੀ ਉਮਰ ਵਿਚ ਮੌਤ ਹੋਈ ਸੀ ਤਾਂ ਉਸ ਸਮੇਂ ਉਹ 75 ਸਾਲਾਂ ਦਾ ਸੀ। ਇਹ ਹੱਲ ਸਮੱਸਿਆ ਨੂੰ ਹੱਲ ਕਰ ਸਕਦਾ ਹੈ, ਪਰ ਇਹ ਸੰਦੇਹਪੂਰਣ ਹੈ ਕਿ ਸਾਮਰੀ ਪੰਚਗ੍ਰੰਥ ਮੂਲ ਲਿਖਤ ਨੂੰ ਸੁਰੱਖਿਅਤ ਰੱਖਦਾ ਹੈ। ਅਸਲ ਵਿਚ, ਉਸ ਖਰੜੇ ਵਿਚ ਬਹੁਤ ਸਾਰੇ ਨੰਬਰ MT ਤੋਂ ਅਲੱਗ ਹਨ, ਜੋ ਅਬਰਾਹਾਮ ਦੇ ਜਨਮ ਦੇ ਸਮੇਂ ਤਾਰਹ ਦੀ ਉਮਰ ਦੇ ਵਿਸ਼ੇ ਵਿਚ ਸ਼ੱਕ ਪੈਦਾ ਕਰਦੇ ਹਨ।

ਇਸ ਸਮੱਸਿਆ ਦਾ ਸਭ ਤੋਂ ਵੱਧ ਸੰਭਾਵੀ ਹੱਲ ਇਹ ਹੈ ਕਿ ਅਬਰਾਹਾਮ ਤਾਰਹ ਦਾ ਪਹਿਲੌਠਾ ਪੁੱਤਰ ਨਹੀਂ ਸੀ। ਜ਼ਰੂਰੀ ਨਹੀਂ ਹੈ ਕਿ ਵੰਸ਼ਾਵਲੀ ਵਿਚ ਨਾਮਾਂ ਦਾ ਕ੍ਰਮ ਜਨਮ ਦੇ ਕ੍ਰਮ ਨੂੰ ਦਰਸਾਉਂਦਾ ਹੋਵੇ। ਪਹਿਲੌਠਾ ਹੋਣ ਦੀ ਬਜਾਇ, ਹੋ ਸਕਦਾ ਹੈ ਕਿ ਪਹਿਲੇ ਵਿਅਕਤੀ ਦੀ ਧਾਰਮਿਕ ਪ੍ਰਾਥਮਿਕਤਾ ਪ੍ਰਦਾਨ ਕੀਤੀ ਗਈ ਹੋਵੇ। ਇਸ ਲਈ, 11:26 ਦਾ ਸਧਾਰਣ ਅਰਥ ਇਹ ਹੋ ਸਕਦਾ ਹੈ ਕਿ ਸ਼ਾਇਦ ਤਾਰਹ 70 ਸਾਲਾਂ ਦੀ ਉਮਰ ਵਿਚ ਪਿਤਾ ਬਣਿਆ ਸੀ – ਸ਼ਾਇਦ ਹਾਰਾਨ, ਜੋ ਪਹਿਲੇ ਮਰ ਗਿਆ ਸੀ (11:28) – ਅਤੇ ਅਬਰਾਹਾਮ ਦਾ ਜਨਮ ਉਸ ਸਮੇਂ ਤੱਕ ਨਹੀਂ ਹੋਇਆ ਸੀ ਜਦੋਂ ਤੱਕ ਉਸ ਦਾ ਪਿਤਾ 130 ਸਾਲਾਂ ਦਾ ਨਹੀਂ ਹੋਇਆ ਸੀ। ਇਹ ਹਿਸਾਬ ਦੇ ਨਾਲ ਜਦੋਂ ਤਾਰਹ ਦੀ ਮੌਤ ਹੋਈ ਤਾਂ ਅਬਰਾਹਾਮ 75 ਸਾਲਾਂ ਦਾ ਸੀ ਜਦੋਂ ਉਹ ਹਾਰਾਨ ਤੋਂ ਤੁਰਿਆ।

# ਪ੍ਰਾਸੰਗਿਕਤਾ

**ਬਾਬਲ ਦਾ ਬੁਰਜ (11:1-9)**

ਅਸੀਂ ਆਦਮ ਅਤੇ ਹੱਵਾਹ ਦੀ ਪਹਿਲੀ ਅਣਆਗਿਆਕਾਰੀ ਤੋਂ ਅਤੇ ਇਸ ਪਹਿਲੇ ਪਰਿਵਾਰ ਦੇ ਅੰਦਰ ਕਤਲ ਤੋਂ ਅਤੇ ਵਿਆਪਕ ਦੁਸ਼ਟਤਾ ਤੋਂ ਜਿਸ ਦੇ ਕਾਰਣ ਜਲ-ਪਰਲੋ ਆਈ ਸੀ ਪਾਪ ਦੇ ਫੈਲਾਅ ਨੂੰ ਲੱਭ ਲਿਆ ਹੈ। ਘਟਨਾਵਾਂ ਦਾ ਇਹ ਕ੍ਰਮ ਸਿਰਜਣਹਾਰ ਤੋਂ ਦੂਰ ਜਾਣ ਦੇ ਨਿਰੰਤਰ ਅੰਦੋਲਨ ਨੂੰ ਦਰਸਾਉਂਦਾ ਹੈ। ਮਨੁੱਖ ਹੌਲੀ ਹੌਲੀ ਪਰਮਾਤਮਾ ਦੇ ਸਰੂਪ ਨੂੰ ਆਪਣੇ ਅੰਦਰ ਹੀ ਮਿਟਾ ਦਿੰਦਾ ਹੈ, ਪਰ ਬਾਬਲ ਦੇ ਬੁਰਜ ਦੀ ਇਮਾਰਤ ਦੇ ਨਾਲ, ਇੱਕ ਨਾਟਕੀ ਪਰਿਵਰਤਨ ਹੋਇਆ। ਅਗਾਂਹ ਤੋਂ ਮਨੁੱਖਤਾ ਦਾ ਭ੍ਰਿਸ਼ਟਾਚਾਰ ਸਭ ਤੋਂ ਅੱਗੇ ਨਹੀਂ ਸੀ; ਹੁਣ ਮਨੁੱਖਾਂ ਦੇ ਵਿਸ਼ੇ ਵਿਚ ਵਿਗੜਿਆ ਹੋਇਆ ਦ੍ਰਿਸ਼ਟੀਕੋਣ ਸਪੱਸ਼ਟ ਹੋ ਗਿਆ ਸੀ। ਨੂਹ ਦੇ ਬਹੁਤ ਸਾਰੇ ਬੱਚੇ – ਪਹਿਲਾਂ ਤੋਂ ਹੀ ਨੈਤਿਕ ਅਤੇ ਆਤਮਿਕ ਰੂਪ ਵਿਚ ਪੂਰੀ ਤਰ੍ਹਾਂ ਦੇ ਨਾਲ ਖਾਲੀ – ਧਾਰਮਿਕ ਅਤੇ ਆਤਮਿਕਤਾ ਦੇ ਰੂਪ ਵਿਚ ਬੇਸਹਾਰਾ ਦੇ ਰੂਪ ਵਿਚ ਦਰਸਾਏ ਗਏ ਸਨ। ਉਨ੍ਹਾਂ ਨੇ ਪਰਮੇਸ਼ੁਰ ਦੇ ਸੱਚੇ ਸੁਭਾਅ ਦੀ ਸਮਝ ਨੂੰ ਗੁਆ ਲਿਆ ਸੀ। ਇਸ ਬਿੰਦੂ ਤੇ, ਉਤਪਤ ਦੇ ਬਿਰਤਾਂਤ ਦਾ ਸੰਬੰਧ ਪਾਪ ਅਤੇ ਭ੍ਰਿਸ਼ਟਾਚਾਰ ਨਾਲ ਹੈ; ਪਰ ਬਾਬਲ ਦੇ ਬੁਰਜ ਦੀ ਕਹਾਣੀ ਪਰਮੇਸ਼ੁਰ ਦੀ ਧਾਰਣਾ ਦੇ ਇੱਕ ਵਿਗੜੇ ਹੋਏ ਰੂਪ ਨੂੰ ਦਰਸਾਉਂਦੀ ਹੈ।

*ਬਣਾਉਣ ਵਾਲਿਆਂ ਦਾ ਘਮੰਡ।*

1. ਬੁਰਜ ਬਣਾਉਣ ਵਾਲਿਆਂ ਦਾ ਪਾਪ ਘਮੰਡ ਸੀ, ਜਿਸ ਕਰਕੇ ਲੋਕਾਂ ਨੇ ਪਰਮੇਸ਼ੁਰ ਦੇ ਵਚਨ ਦੀ ਅਣਆਗਿਆਕਾਰੀ ਕੀਤੀ (11:1, 2, 4)। ਪਰਲੋ ਤੋਂ ਬਾਅਦ, ਨੂਹ ਦਾ ਪਰਿਵਾਰ ਇੱਕੋ ਭਾਸ਼ਾ ਬੋਲਦਾ ਸੀ। ਪੂਰਬ ਵੱਲ ਯਾਤਰਾ ਕਰਦੇ ਹੋਏ, ਆਖਿਰਕਾਰ ਉਹ ਸ਼ਿਨਾਰ ਦੇ ਮੈਦਾਨ ਵਿਚ ਵੱਸ ਗਏ (ਪ੍ਰਾਚੀਨ ਬਾਬਲ ਦਾ ਇਲਾਕਾ)। ਇੱਕੋ ਸਥਾਨ ਤੇ ਇਕੱਠੇ ਰਹਿਣ ਦੇ ਨਾਲ, ਉਨ੍ਹਾਂ ਨੇ ਏਕਤਾ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਇਹ ਫੈਸਲਾ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਦੇ ਕਾਰਨ ਕੀਤਾ ਗਿਆ ਸੀ, ਜਿਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (9:1; ਵੇਖੋ 9:7)। ਸਪੱਸ਼ਟ ਤੌਰ ਤੇ, ਉਨ੍ਹਾਂ ਦੇ ਅੰਦਰ ਵੰਡ ਦਾ ਬੀਜ ਪਹਿਲਾਂ ਤੋਂ ਹੀ ਮੌਜੂਦ ਸੀਅਤੇ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ "ਸਾਰੀ ਧਰਤੀ ਉੱਤੇ ਖਿੰਡ" ਜਾਣ ਦਾ ਖਤਰਾ ਸੀ (11:4)। ਆਪਣੇ ਘਮੰਡ ਵਿਚ, ਉਨ੍ਹਾਂ ਨੇ ਸੋਚਿਆ ਸੀ ਕਿ ਉਹ ਇੱਕ ਅਜਿਹੀ ਯੋਜਨਾ ਤਿਆਰ ਕਰਕੇ ਪਰਮੇਸ਼ੁਰ ਦੀ ਇੱਛਾ ਨੂੰ ਨਾਕਾਮ ਕਰ ਸਕਦੇ ਹਨ ਜੋ ਉਨ੍ਹਾਂ ਦੀ ਵੰਡ ਦੇ ਬਾਵਜੂਦ ਉਨ੍ਹਾਂ ਨੂੰ ਇਕੱਠਾ ਰੱਖੇਗੀ। ਇੱਥੇ ਸਿੱਖਣ ਵਾਲਾ ਇੱਕ ਸਬਕ ਇਹ ਹੈ ਕਿ ਸੱਚੀ ਏਕਤਾ

ਸਿਰਫ ਪਰਮੇਸ਼ੁਰ ਦੀ ਇੱਛਾ ਦਾ ਪਾਲਣ ਕਰਨ ਦੇ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ, ਉਸ ਦਾ ਵਿਰੋਧ ਕਰਨ ਦੇ ਦੁਆਰਾ ਕਦੀ ਵੀ ਉਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ। ਏਕਤਾ ਦਾ ਇੱਕ ਬੁਨਿਆਦੀ ਹਿੱਸਾ ਸੱਚਾਈ ਵਿਚ ਪਵਿੱਤਰ ਹੋਣਾ ਹੈ (ਵੇਖੋ ਯੂਹੰਨਾ 17:17-21)। ਬੁੱਧੀਮਾਨ ਆਦਮੀ ਕਹਿੰਦਾ ਹੈ, "ਮਨੁੱਖ ਦੇ ਮਨ ਵਿੱਚ ਅਨੇਕ ਜੁਗਤਾਂ ਹੁੰਦੀਆਂ ਹਨ, ਪਰ ਯਹੋਵਾਹ ਦਾ ਮਤਾ ਕਾਇਮ ਰਹੇਗਾ" (ਕਹਾਉਤਾਂ 19:21)।

2. ਲੋਕਾਂ ਦੀ ਘਮੰਡੀ ਅਭਿਲਾਸ਼ਾ ਉਨ੍ਹਾਂ ਦੀ ਸਿਆਣਪ ਦੇ ਦੁਆਰਾ ਮਜ਼ਬੂਤ ਸੀ। ਉਨ੍ਹਾਂ ਨੇ ਇੱਕ ਸ਼ਹਿਰ ਅਤੇ ਇੱਕ ਮਹਾਨ ਬੁਰਜ ਨੂੰ ਬਣਾਉਣਾ ਸ਼ੁਰੂ ਕੀਤਾ ਜਿਸ ਦੀ ਟੀਸੀ ਅਕਾਸ਼ ਤੱਕ ਪਹੁੰਚਦੀ ਹੋਵੇ। ਬੇਸ਼ੱਕ, ਇਸ ਕੋਸ਼ਿਸ਼ ਵਿਚ, ਬਹੁਤ ਸਾਰੇ ਸਮੇਂ ਦੇ ਨਾਲ ਨਾਲ ਬਹੁਤ ਸਾਰੇ ਲੋਕਾਂ ਦੇ ਸਾਂਝੇ ਯਤਨ ਦੀ ਲੋੜ ਹੋਵੇਗੀ। ਕਿਉਂਕਿ ਉਨ੍ਹਾਂ ਦੇ ਕੋਲ ਫਰਾਤ ਦੀ ਘਾਟੀ ਦੀ ਉਪਜਾਊ ਜ਼ਮੀਨ ਵਿਚ ਕੋਈ ਪੱਥਰ ਨਹੀਂ ਸੀ, ਇਸ ਲਈ ਉਨ੍ਹਾਂ ਨੇ ਇੱਟਾਂ ਬਣਾਉਣ ਅਤੇ ਪਕਾਉਣ ਦੇ ਲਈ ਗਾਰੇ ਅਤੇ ਘਾਹ-ਫੂਸ ਨੂੰ ਇਕੱਠਾ ਕੀਤਾ। ਫਿਰ ਉਨ੍ਹਾਂ ਨੇ ਅਸਲੀ ਉਸਾਰੀ ਨੂੰ ਸ਼ੁਰੂ ਕੀਤਾ (11:3, 4)।

ਨਿਮਰੋਦ ਦੀ ਪਹਿਚਾਣ ਇਸ ਘਟਨਾ ਦੇ ਭੜਕਾਉਣ ਵਾਲੇ ਦੇ ਰੂਪ ਵਿਚ ਕੀਤੀ ਗਈ ਸੀ ਕਿਉਂਕਿ "ਉਹ ਧਰਤੀ ਉੱਤੇ ਇੱਕ ਸੂਰਬੀਰ ਹੋਣ ਲੱਗਾ" ਅਤੇ ਕਿਉਂਕਿ ਅਸੀਂ ਪੜ੍ਹਦੇ ਹਾਂ ਕਿ "ਉਸ ਦੀ ਬਾਦਸ਼ਾਹੀ ਦਾ ਅਰੰਭ ਬਾਬਲ" ਸੀ (10:8, 10)। ਪਰ, ਨਿਮਰੋਦ ਦੀ ਬਾਬਲ ਦੇ ਨਿਰਮਾਣ ਵਿਚ ਕਾਮਯਾਬੀ ਸਪੱਸ਼ਟ ਤੌਰ ਤੇ ਇੱਕ ਬਾਅਦ ਦੇ ਸਮੇਂ ਦਾ ਸੰਕੇਤ ਹੈ; ਕਿਉਂਕਿ 11:1-9 ਦੀ ਨਿਰਮਾਣ ਦੀ ਕੋਸ਼ਿਸ਼ ਅਸਫਲ ਰਹੀਅਤੇ ਲੋਕ ਦੂਰ ਦੂਰ ਫੈਲੇ ਹੋਏ ਸਨ। ਇਹ ਸੰਭਵ ਹੈ ਕਿ ਨਿਮਰੋਦ ਅਸਲੀ ਬਣਾਉਣ ਵਾਲਾ ਸੀ ਅਤੇ ਪ੍ਰਭੂ ਦੁਆਰਾ ਇਸ ਦੀਆਂ ਪਹਿਲੀਆਂ ਕੋਸ਼ਿਸ਼ਾਂ ਨੂੰ ਬੇਕਾਰ ਕਰ ਦੇਣ ਤੋਂ ਕੁਝ ਸਮੇਂ ਬਾਅਦ ਮੁੜਿਆ ਸੀ। ਬੇਸ਼ੱਕ, ਉਸ ਨੇ ਬਾਬਲ ਦਾ ਨਿਰਮਾਣ ਕਰਨ ਦੇ ਨਾਲ ਨਾਲ, ਮਸੋਪੋਤਾਮੀਆ ਦੇ ਹੋਰਨਾਂ ਸ਼ਹਿਰਾਂ ਨੂੰ ਉਸਾਰਣ ਦੇ ਵਿਚ ਸਫਲਤਾ ਹਾਸਲ ਕੀਤੀ ਸੀ। ਬਾਬਲ ਸ਼ਹਿਰ, ਜਾਂ ਬਾਬਲ ਨੇ, ਜੋ ਆਖਿਰਕਾਰ ਸੱਤਵੀਂ ਸ਼ਤਾਬਦੀ ਈ.ਪੂ. ਦੇ ਅੰਤ ਵਿਚ ਰਾਜਾ ਨਬੂਕਦਨੱਸਰ ਦੇ ਦੁਆਰਾ ਬਣਾਇਆ ਗਿਆ ਉਸ ਨੇ – ਉਸ ਪ੍ਰਸਿੱਧੀ ਅਤੇ ਘਮੰਡ ਨੂੰ ਹਾਸਲ ਕੀਤਾ – ਜੋ ਪਹਿਲੇ ਨੇ ਹਾਸਲ ਨਹੀਂ ਕੀਤੇ ਸਨ। ਪ੍ਰਾਚੀਨ ਨਜ਼ਦੀਕ ਪੂਰਬੀ ਜੇਤੂਆਂ ਦੇ ਰੂਪ ਵਿਚ, ਬਾਬਲ ਵਾਸੀਆਂ ਨੇ ਇਸ ਸ਼ਹਿਰ ਨੂੰ ਸੱਚੇ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਅਤੇ ਝੂਠੇ ਦੇਵਤਿਆਂ ਦੀ ਪੂਜਾ ਦੇ ਰੂਪ ਵਿਚ ਸਥਾਪਤ ਕੀਤਾ ਹੈ (ਦਾਨੀਏਲ 3; 4)।

3. ਘਮੰਡ ਨੇ ਨਿਰਮਾਣ ਕਰਨ ਵਾਲਿਆਂ ਨੂੰ ਸਵੈ-ਘਮੰਡ ਅਤੇ ਪ੍ਰਸਿੱਧੀ ਦੇ ਲਈ ਪ੍ਰੇਰਿਤ ਕੀਤਾ। ਉਹ ਆਪਣੇ ਆਪ ਦੇ ਲਈ "ਇੱਕ ਨਾਉਂ" ਬਣਾਉਣਾ ਚਾਹੁੰਦੇ ਸਨ (11:4)। ਕੁਝ ਲੋਕ ਸੋਚਦੇ ਹਨ ਕਿ ਉਹ ਇੱਕ ਬੁਰਜ ਇਸ ਲਈ ਬਣਾਉਣਾ ਚਾਹੁੰਦੇ ਸਨ ਤਾਂ ਕਿ ਕੋਈ ਵੀ ਪਰਲੋ ਉਨ੍ਹਾਂ ਤੱਕ ਪਹੁੰਚ ਨਾ ਸਕੇ; ਪਰ, ਜੇਕਰ ਇਹੀ ਉਨ੍ਹਾਂ ਦਾ ਉਦੇਸ਼ ਸੀ, ਤਾਂ ਉਹ ਇੱਕ ਮੈਦਾਨ ਦੀ ਥਾਂ ਇੱਕ ਪਹਾੜੀ ਦੇ ਉੱਤੇ ਉਸ ਦਾ ਨਿਰਮਾਣ ਕਰਦੇ। ਹੋਰ ਲੋਕ ਮੰਨਦੇ ਹਨ ਕਿ ਇਹ ਬੁਰਜ ਸੰਭਾਵੀ ਵਿਰੋਧੀਆਂ ਦੇ ਖਿਲਾਫ ਰੱਖਿਆਤਮਕ ਉਦੇਸ਼ਾਂ ਦੇ ਨਾਲ ਬਣਾਇਆ ਗਿਆ ਸੀ। ਬਾਅਦ ਵਿਚ ਘੇਰਾਬੰਦੀ ਮਸ਼ੀਨਾਂ ਅਤੇ ਧਾਂਤ ਦੇ ਸੰਧਾਂ ਦੇ ਵਿਰੁੱਧ ਸ਼ਹਿਰਾਂ ਦੀ ਰੱਖਿਆ ਦੇ ਲਈ ਬੁਰਜਾਂ ਨੂੰ ਮਜ਼ਬੂਤ ਕੰਧਾਂ ਦੇ ਨਾਲ ਸ਼ਾਮਲ ਕੀਤਾ ਗਿਆ। ਹਾਲਾਂਕਿ, ਇਸ ਬੁਰਜ ਦਾ ਘੋਸ਼ਿਤ ਉਦੇਸ਼, ਲੋਕਾਂ ਨੂੰ ਇਕੱਠੇ, ਇਕਜੁੱਟ ਅਤੇ ਮਜ਼ਬੂਤ ਰੱਖਣਾ ਸੀ, ਤਾਂ ਕਿ ਭਵਿੱਖ ਵਿਚ ਕੋਈ ਦੁਸ਼ਮਣ ਉਨ੍ਹਾਂ ਨੂੰ ਪਰੇਸ਼ਾਨ ਨਾ ਕਰ ਸਕੇ। ਅਖੀਰ ਵਿਚ, ਉਨ੍ਹਾਂ ਦੇ ਸਾਰੇ ਯਤਨ ਵਿਅਰਥ ਹੋ ਗਏ ਅਤੇ ਉਹ ਧਰਤੀ ਦੇ ਉੱਤੇ ਖਿੰਡ ਗਏ।

ਉਨ੍ਹਾਂ ਇਸਰਾਏਲੀ ਲੋਕਾਂ ਦੇ ਲਈ ਇਸ ਕਹਾਣੀ ਦਾ ਸਬਕ ਸਪੱਸ਼ਟ ਸੀ ਜਿਨ੍ਹਾਂ ਨੇ ਪਹਿਲਾਂ

ਇਸ ਕਹਾਣੀ ਨੂੰ ਪੜ੍ਹਣ ਦਾ ਇਰਾਦਾ ਕੀਤਾ ਸੀ। ਇੱਕ ਕੌਮ ਦੇ ਰੂਪ ਵਿਚ ਜੀਉਂਦੇ ਰਹਿਣ ਦੇ ਲਈ, ਉਨ੍ਹਾਂ ਨੂੰ ਪਰਮੇਸ਼ੁਰ ਦੇ ਖਿਲਾਫ ਵਿਦਰੋਹ ਵਿਚ ਨਹੀਂ ਸਗੋਂ ਉਸਦੀ ਮਰਜ਼ੀ ਦੇ ਅਨੁਸਾਰ ਚੱਲਣਾ ਚਾਹੀਦਾ ਹੈ। ਮੂਸਾ ਨੇ ਇਸਰਾਏਲੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹ ਯਹੋਵਾਹ ਦੇ ਨਾਲ ਬੇਵਫਾ ਹੋ ਜਾਣਗੇ ਤਾਂ ਨੇਮ ਦੇ ਸਰਾਪ ਉਨ੍ਹਾਂ ਦੇ ਉੱਤੇ ਆ ਪੈਣਗੇ। ਇਨ੍ਹਾਂ ਸਰਾਪਾਂ ਵਿਚ ਦੁਸ਼ਮਣਾਂ ਦੇ ਦੁਆਰਾ ਉਨ੍ਹਾਂ ਨੂੰ ਹਰਾਉਣਾ ਅਤੇ ਵਾਇਦਾ ਕੀਤੇ ਦੇਸ ਦਾ ਖੁੱਸ ਜਾਣਾ, ਇਸ ਤੋਂ ਇਲਾਵਾ ਧਰਤੀ ਦੇ ਇੱਕ ਕੰਢੇ ਤੋਂ ਲੈ ਕੇ ਦੂਜੇ ਕੰਢੇ ਤੱਕ ਖਿੰਡ ਜਾਣਾ ਸ਼ਾਮਲ ਹੈ (ਬਿਵਸਥਾ ਸਾਰ 28:15-68)। ਇਸਰਾਏਲੀਆਂ ਨੂੰ ਬਾਅਦ ਵਿਚ ਜਿਸ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਉਹ ਉਹੀ ਸਮੱਸਿਆ ਸੀ ਜੋ ਬਾਅਦ ਵਿਚ ਬਾਬਲ ਦੇ ਨਿਰਮਾਣ ਦੀ ਯੋਜਨਾ ਦੇ ਖਤਮ ਹੋ ਜਾਣ ਦਾ ਕਾਰਣ ਬਣੀ ਸੀ – ਘਮੰਡ ਦੀ ਸਮੱਸਿਆ। ਬੁੱਧੀਮਾਨ ਆਦਮੀ ਨੇ ਲਿਖਿਆ, "ਨਾਸ ਤੋਂ ਪਹਿਲਾਂ ਹੰਕਾਰ ਅਤੇ ਡਿੱਗਣ ਤੋਂ ਪਹਿਲਾਂ ਘਮੰਡੀ ਰੂਹ ਹੁੰਦੀ ਹੈ" (ਕਹਾਉਤਾਂ 16:18; ਵੇਖੋ 18:12)। ਯਿਸੂ ਨੇ ਉਸੇ ਸਚਿਆਈ ਦੀ ਸਿੱਖਿਆ ਦਿੱਤੀ: "ਅਤੇ ਜੋ ਕੋਈ ਆਪਣੇ ਆਪ ਨੂੰ ਉੱਚਾ ਕਰੇਗਾ ਸੋ ਨੀਵਾਂ ਕੀਤਾ ਜਾਵੇਗਾ ਅਤੇ ਜੋ ਕੋਈ ਆਪਣੇ ਆਪ ਨੂੰ ਨੀਵਾਂ ਕਰੇਗਾ ਸੋ ਉੱਚਾ ਕੀਤਾ ਜਾਵੇਗਾ" (ਮੱਤੀ 23:12)।

ਇਹ ਸਿਧਾਂਤ ਸਿਰਫ ਮਨੁੱਖਾਂ ਦੇ ਉੱਤੇ ਹੀ ਨਹੀਂ, ਸਗੋਂ ਸ਼ਹਿਰਾਂ ਅਤੇ ਰਾਸ਼ਟਰਾਂ ਦੇ ਉੱਤੇ ਵੀ ਲਾਗੂ ਹੁੰਦੇ ਹਨ। ਅਸੀਂ ਉਨ੍ਹਾਂ ਲੋਕਾਂ ਦੇ ਸੰਸਾਰ ਵਿਚ ਰਹਿੰਦੇ ਹਾਂ ਜੋ ਵੱਡਿਆਂ ਸ਼ਹਿਰਾਂ ਦੀ ਭੀੜ-ਭਾੜ ਵਿਚ ਰਹਿੰਦੇ ਹਨ, ਤਾਂ ਵੀ ਕਦੀ ਵੀ ਇਕੱਲਾਪਨ ਮਹਿਸੂਸ ਨਹੀਂ ਕਰਦੇ ਹਨ। ਇੱਕ ਬੁਨਿਆਦੀ ਚਿੰਤਾ, ਇੱਕ ਵਿਛੋੜੇ ਅਤੇ ਵਿਭਾਜਨ ਦੀ ਭਾਵਨਾ, ਲੋਕਾਂ ਦੀ ਆਪਣੇ ਆਪ ਦੀ ਪਹਿਚਾਣ ਗੁਆਉਣ ਦਾ ਕਾਰਣ ਬਣਦੇ ਹਨ। ਪਹਿਚਾਣ ਨੂੰ ਹਾਸਲ ਕਰਨ ਦੀ ਇਹ ਖੋਜ ਲੋਕਾਂ ਨੂੰ ਬਹਾਦੁਰੀ ਦੇ ਮਹਾਨ ਕੰਮ ਜਾਂ ਕਈ ਘੰਟਿਆਂ ਦੀ ਸਖਤ ਮੇਹਨਤ ਕਰਨ ਦੇ ਲਈ ਪ੍ਰੇਰਿਤ ਕਰ ਸਕਦੀ ਹੈ; ਇਹ ਕੁਝ ਲੋਕਾਂ ਨੂੰ ਪ੍ਰਸਿੱਧੀ ਹਾਸਲ ਕਰਨ ਦੀ ਕੋਸ਼ਿਸ਼ ਵਿਚ ਸ਼ਰਮਨਾਕ ਕੰਮਾਂ ਦੁਆਰਾ ਦਰਸ਼ਨੀ ਬਣਾਉਣ ਲਈ ਪ੍ਰੇਰਿਤ ਕਰਦੀ ਹੈ। ਨਿਰਾਸ਼ ਜੀਵਨ ਇਸ ਵਿਚਾਰ ਤੇ ਕੇਂਦ੍ਰਿਤ ਹੋ ਸਕਦੇ ਹਨ ਕਿ ਮਹਿਮਾ ਪ੍ਰਾਪਤ ਕਰਨ ਦੇ ਲਈ ਕੁਝ ਨਾ ਕੁਝ ਕੀਤਾ ਜਾਵੇ ਭਾਵੇਂ ਉਹ ਜਾਇਜ਼ ਹੋਵੇ ਭਾਵੇਂ ਨਜਾਇਜ਼ ਹੋਵੇ। ਪਰ, ਅਜਿਹੀ ਮਹਿਮਾ ਜਲਦੀ ਹੀ ਫਿੱਕੀ ਪੈ ਜਾਂਦੀ ਹੈ ਕਿਉਂਕਿ ਇਸ ਵਿਚ ਕੋਈ ਸੱਚੀ ਸੁਰੱਖਿਆ ਨਹੀਂ ਹੁੰਦੀ – ਸਿਰਫ ਇਕੱਲਾਪਨ, ਕੜਵਾਹਟ ਅਤੇ ਖਾਲੀਪਨ ਹੁੰਦਾ ਹੈ। ਦ ਵੈਸਟਮਿੰਸਟਰ ਕੰਨਫੈਸ਼ਨ ਆਫ਼ ਫੈਥ ਇਹ ਕਹਿੰਦਾ ਹੈ, "ਮਨੁੱਖ ਦਾ ਪ੍ਰਮੁੱਖ ਅੰਤ ਪਰਮੇਸ਼ੁਰ ਦੀ ਮਹਿਮਾ ਕਰਨਾ ਅਤੇ ਸਦਾ ਦੇ ਲਈ ਉਸ ਦਾ ਅਨੰਦ ਮਾਨਣਾ ਹੈ।"[19] ਜਿੰਨਾ ਚਿਰ ਲੋਕ ਅਤੇ ਕੌਮ ਸਿਰਫ ਆਪਣੇ ਆਪ ਦੀ ਵਡਿਆਈ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਨਿਰੰਤਰ ਅਰਥਹੀਣ ਜੀਵਨ ਦੀ ਅਸੁਰੱਖਿਆ ਵਿਚ ਆਪਣੇ ਆਪ ਨੂੰ ਗੁਆਉਂਦੇ ਹਨ।

*ਉਨ੍ਹਾਂ ਦੇ ਵਿਦਰੋਹ ਦੇ ਲਈ ਪਰਮੇਸ਼ੁਰ ਦਾ ਪ੍ਰਤਿਉੱਤਰ।*

1. ਪਰਮੇਸ਼ੁਰ ਨੇ ਮਨੁੱਖਾਂ ਦੇ ਘਮੰਡ ਅਤੇ ਵਿਦਰੋਹੀ ਕੰਮਾਂ ਦੇ ਲਈ ਕਠੋਰ ਪ੍ਰਤਿਕਿਰਿਆ ਕੀਤੀ। ਉਸ ਨੇ ਬਾਬਲ ਦੇ ਲੋਕਾਂ ਦੇ ਘਮੰਡੀ ਕੰਮਾਂ ਦੀ ਜਾਂਚ ਕੀਤੀ (11:5)। ਇਹ ਬਿਆਨ ਕਿ "ਤਾਂ ਯਹੋਵਾਹ ਉਸ ਸ਼ਹਿਰ ਅਰ ਬੁਰਜ ਨੂੰ ਜਿਹ ਨੂੰ ਆਦਮ-ਵੰਸ ਨੇ ਬਣਾਇਆ ਸੀ ਵੇਖਣ ਲਈ ਉੱਤਰਿਆ" ਸਮਾਨਾਰਥੀ ਭਾਸ਼ਾ ਦਾ ਉਪਯੋਗ ਕਰਦਾ ਹੈ, ਇਹ ਮਨੁੱਖੀ ਸੋਚ ਅਤੇ ਪਰਤਾਵੇ ਦੇ ਢੰਗਾਂ ਦੇ ਨਾਲ ਪਰਮੇਸ਼ੁਰ ਦੇ ਕੰਮਾਂ ਨੂੰ ਪੇਸ਼ ਕਰਦਾ ਹੈ। ਮਨੁੱਖੀ ਮਾਮਲਿਆਂ ਵਿਚ ਪਰਮੇਸ਼ੁਰ ਦੀ ਦਿਲਚਸਪੀ ਅਤੇ ਹਿੱਸਾ ਲੈਣ ਦੇ ਲਈ ਇਹ ਸਾਹਿਤਕ ਤਕਨੀਕ ਉਸ ਦੀ ਦਖਲਅੰਦਾਜ਼ੀ ਨੂੰ ਨਾਟਕੀ ਬਣਾਉਣ ਦੇ ਲਈ ਇਸਤੇਮਾਲ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਉਨ੍ਹਾਂ ਦੇ ਕੰਮ ਨੂੰ ਵੇਖਣ ਲਈ ਪਰਮੇਸ਼ੁਰ ਦੇ ਦੁਆਰਾ ਹੇਠਾਂ ਉੱਤਰ ਆਉਣ ਦੀ ਕਲਪਨਾ ਤੋਂ ਪਤਾ ਲੱਗਦਾ ਹੈ ਕਿ ਉਸ ਨੂੰ

ਉਨ੍ਹਾਂ ਦੀਆਂ ਗਤੀਵਿਧੀਆਂ ਦਾ ਪੂਰਵ-ਗਿਆਨ ਸੀ। ਬੇਸ਼ੱਕ, ਪਰਮੇਸ਼ੁਰ ਉਨ੍ਹਾਂ ਦੇ ਕੰਮ ਦੀ ਜਾਂਚ ਕਰਨ ਦੇ ਲਈ ਹੇਠਾਂ ਨਹੀਂ ਆਇਆ ਸੀ। ਇਸ ਉੱਤੇ ਇੱਕ ਹੋਰ ਹਵਾਲੇ ਵਿਚ ਜ਼ੋਰ ਦਿੱਤਾ ਗਿਆ ਹੈ ਜਿੱਥੇ ਉਸ ਨੇ ਇੱਕ ਸਮਾਨ ਵਿਦਰੋਹ ਦਾ ਪ੍ਰਤਿਉੱਤਰ ਦਿੱਤਾ ਸੀ। ਜ਼ਬੂਰ 2:4 ਕਹਿੰਦੀ ਹੈ, "ਜਿਹੜਾ ਸੁਰਗ ਵਿੱਚ ਬੈਠਾ ਹੈ ਉਹ ਹੱਸੇਗਾ, ਪ੍ਰਭੁ ਓਹਨਾਂ ਨੂੰ ਮਖ਼ੌਲਾਂ ਵਿੱਚ ਉਡਾਵੇਗਾ।" ਹੋਰਨਾਂ ਸ਼ਬਦਾਂ ਵਿਚ, ਪਰਮੇਸ਼ੁਰ ਮਨੁੱਖਾਂ ਯੋਜਨਾਵਾਂ ਅਤੇ ਕੰਮਾਂ ਤੋਂ ਪੂਰੀ ਤਰ੍ਹਾਂ ਦੇ ਨਾਲ ਜਾਣੂ ਹੈ, ਜਿਵੇਂ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਆਦਮ ਅਤੇ ਹੱਵਾਹ ਕਿੱਥੇ ਸਨ ਉਨ੍ਹਾਂ ਨੇ ਆਪਣੇ ਪਾਪ ਦੇ ਵਿਸ਼ੇ ਪੁੱਛੇ ਜਾਣ ਤੋਂ ਪਹਿਲਾਂ ਕੀ ਕੀਤਾ ਸੀ (3:9, 13)। ਉਸ ਸਮੇਂ ਵੀ ਇਸੇ ਤਰ੍ਹਾਂ ਹੀ ਹੋਇਆ ਸੀ ਜਦੋਂ ਪਰਮੇਸ਼ੁਰ ਨੇ ਕੈਨ ਤੋਂ ਹਾਬਲ ਦੀ ਪੁੱਛ-ਗਿੱਛ ਕੀਤੀ ਸੀ (4:9, 10)। ਇਸ ਤਰ੍ਹਾਂ, ਉਹ ਬਾਬਲ ਦੇ ਲੋਕਾਂ ਦੀਆਂ ਯੋਜਨਾਵਾਂ ਅਤੇ ਹੰਕਾਰ ਤੋਂ ਜਾਣੂ ਸੀ ਜਿਸ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਸੀ (ਵੇਖੋ ਜ਼ਬੂਰਾਂ ਦੀ ਪੋਥੀ 139:1-6)।

2. ਪਰਮੇਸ਼ੁਰ ਸਮੂਹਿਕ ਧਰਮ ਤਿਆਗ ਦੇ ਖਤਰੇ ਤੋਂ ਜਾਣੂ ਸੀ (11:6, 7)। ਜੇਕਰ ਮਾਨਵਤਾ ਨੂੰ ਇਕੱਠੇ ਰਹਿਣ ਦੀ ਅਤੇ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਵਿਚ ਇੱਕਜੁਟ ਹੋਣ ਦੀ ਇਜਾਜ਼ਤ ਦਿੱਤੀ ਗਈ ਹੋਵੇ, ਤਾਂ ਉਹ ਸ਼ਕਤੀ ਦੀ ਇੱਕ ਝੂਠੀ ਭਾਵਨਾ ਨੂੰ ਪੈਦਾ ਕਰਨਗੇ ਜੋ ਪ੍ਰਭੂ ਦੇ ਵਿਰੁੱਧ ਬਗਾਵਤ ਅਤੇ ਅਣਆਗਿਆਕਾਰੀ ਦੇ ਵੱਡੇ ਵੱਡੇ ਕੰਮਾਂ ਦੇ ਵਿਚ ਉਨ੍ਹਾਂ ਦੀ ਅਗਵਾਈ ਕਰੇਗੀ। ਇੱਕ ਅਰਥ ਵਿਚ, ਇੱਕ ਅਜਿਹੇ ਬੁਰਜ ਦਾ ਨਿਰਮਾਣ ਕਰਕੇ ਜਿਸ ਦੀ ਟੀਸੀ ਸਵਰਗ ਤੱਕ ਪਹੁੰਚ ਜਾਵੇਗੀ, ਬਾਬਲ ਦੇ ਲੋਕ ਸਵਰਗ ਦੇ ਦਰਵਾਜ਼ੇ ਤੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਹੁਣ ਵੀ ਪਰਮੇਸ਼ੁਰ ਦੇ ਰਾਹੀਂ ਦਿੱਤੀਆਂ ਗਈਆਂ ਸੀਮਾਵਾਂ ਨੂੰ ਪਾਰ ਕਰਨ ਦੀ, ਜੋ ਉਨ੍ਹਾਂ ਦਾ ਨਹੀਂ ਸੀ ਉਸ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨਅਤੇ ਪ੍ਰਭੂ ਦੁਆਰਾ ਲਿਖਤ ਸੀਮਾਵਾਂ ਨੂੰ ਪਾਰ ਕਰਨਗੇ। ਇੱਕ ਸਮੂਦਾਇ ਦੇ ਰੂਪ ਵਿਚ, ਉਨ੍ਹਾਂ ਨੇ ਪਰਮੇਸ਼ੁਰ ਦੀ ਪਵਿੱਤਰਤਾ ਅਤੇ ਸ੍ਰੇਸ਼ਠਤਾ ਨੂੰ ਸਵੀਕਾਰ ਨਹੀਂ ਕੀਤਾ, ਜਿਸ ਵਿਚ ਧਰਤੀ ਅਤੇ ਅਕਾਸ਼ ਦੇ ਵਿਚਕਾਰ ਜ਼ਰੂਰੀ ਵੰਡ ਨੂੰ ਵੀ ਸ਼ਾਮਲ ਸੀ।

ਬਾਬੁਲ ਦੇ ਲੋਕਾਂ ਦਾ ਮਹਾਨ ਪਾਪ – ਅਤੇ ਅੱਜ ਦੇ ਯੁੱਗ ਦੇ ਜ਼ਿਆਦਾਤਰ ਲੋਕਾਂ ਦਾ ਮਹਾਨ ਪਾਪ – ਇਸ ਪਹਿਚਾਨਣ ਵਿਚ ਨਾਕਾਮ ਹੋਣਾ ਹੈ ਕਿ ਪਰਮੇਸ਼ੁਰ ਪਰਮੇਸ਼ੁਰ ਹੈ! ਕਮਜ਼ੋਰ ਜਾਂ ਪਾਪੀ ਮਨੁੱਖਾਂ ਦੇ ਰੂਪ ਵਿੱਚ, ਅਸੀਂ ਕਦੀ ਕਦੀ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਆਪਣੇ ਸ਼ਬਦਾਂ ਦੇ ਨਾਲ ਪਰਮੇਸ਼ੁਰ ਨੂੰ ਮਿਲੀਏ ਜਾਂ ਉਸ ਦਾ ਸਥਾਨ ਲੈ ਲਈਏ। ਅਦਨ ਦੇ ਬਾਗ ਵਿਚ ਪਾਪ ਹੋਣ ਤੋਂ ਬਾਅਦ, ਮਨੁੱਖ ਦਾ ਸਭ ਤੋਂ ਵੱਡਾ ਪਰਤਾਵਾ ਪਰਮੇਸ਼ੁਰ ਨੂੰ ਸਮਝਣ ਵਿਚ ਹੈ।

ਪਾਪ ਦੀ ਜੜ੍ਹ ਘਮੰਡ ਹੈ, ਜੋ ਵਿਦਰੋਹ ਵੱਲ ਲੈ ਜਾਂਦਾ ਹੈ; ਅਤੇ ਫਲਸਰੂਪ ਇਹ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਹੈ। ਘਮੰਡ ਪਰਮੇਸ਼ੁਰ ਤੋਂ ਬਗੈਰ ਮਨੁੱਖੀ ਸਵੈ-ਸ਼ਾਸਨ ਹੈ, ਸਵਰਗ ਅਤੇ ਧਰਤੀ ਨੂੰ ਰਚਨਵਾਲੇ ਪਰਮੇਸ਼ੁਰ ਦੀ ਨਿਰਭਰਤਾ ਨੂੰ ਅਤੇ ਉਸ ਦੇ ਸਾਹਮਣੇ ਸਮਰਪਣ ਤੋਂ ਇਨਕਾਰ ਹੈ। ਬਾਬਲ ਦਾ ਬੁਰਜ ਇੱਕ ਸ਼ਾਨਦਾਰ ਇਮਾਰਤ ਸੀ ਜਿਸ ਦਾ ਉਦੇਸ਼ ਮਨੁੱਖ ਦੀ ਮਹਾਨਤਾ ਨੂੰ ਪ੍ਰਦਰਸ਼ਿਤ ਕਰਨਾ ਸੀ। ਇਸ ਦੀ ਸਫਲਤਾ ਨੇ ਬਣਾਉਣ ਵਾਲਿਆਂ ਨੂੰ ਆਪਣੇ ਭਾਗਾਂ ਦੀ ਸੁਰੱਖਿਆ ਅਤੇ ਨਿਯੰਤਰਣ ਦਾ ਇੱਕ ਗਲਤ ਅਰਥ ਦੇ ਦੇਣਾ ਸੀ।

ਕੁਝ ਹੱਦ ਤੱਕ ਇਸ ਤਰ੍ਹਾਂ, ਅੱਜ ਲੋਕ ਫੌਜ਼ੀ ਸ਼ਕਤੀ, ਵਿਗਿਆਨਿਕ ਉਪਲੱਬਧੀਆਂ ਅਤੇ ਤਕਨੀਕੀ ਵਿਕਾਸ ਤੇ ਭਰੋਸਾ ਕਰਨ ਵਿਚ ਪਰੀਖਿਆ ਵਿਚ ਫਸ ਜਾਂਦੇ ਹਨ। ਇੰਝ ਜਾਪਦਾ ਹੈ ਕਿ ਇਹ ਪਰਮੇਸ਼ੁਰ ਤੋਂ ਬਿਨਾਂ ਸ਼ਾਂਤੀ, ਸੁਰੱਖਿਆ ਅਤੇ ਲੰਬੀ ਉਮਰ ਪ੍ਰਦਾਨ ਕਰਦਾ ਹੈ। ਅਸੀਂ ਜੀਵਨ ਦੇ ਕਈ ਖੇਤਰਾਂ ਵਿਚ ਆਧੁਨਿਕ ਵਿਕਾਸ ਦੇ ਲਈ ਸ਼ੁਕਰਗੁਜ਼ਾਰ ਹੋ ਸਕਦੇ ਹਾਂ; ਪਰ,

ਸਾਨੂੰ ਸਾਵਧਾਨ ਹੋਣਾ ਚਾਹੀਦਾ ਹੈ ਕਿ ਇਹ ਸਾਨੂੰ ਇਸ ਗੱਲ ਵੱਲ ਗੁਮਰਾਹ ਨਾ ਕਰ ਦੇਵੇ ਕਿ ਅਸੀਂ ਆਪਣੇ ਆਪ ਦੇ ਦੇਵਤੇ ਹਾਂ। ਮਨੁੱਖ ਆਪਣੀ ਰਚਨਾਤਮਕ ਯੋਗਤਾ ਦੇ ਦੁਆਰਾ ਸਵਰਗ ਵਿਚ ਨਹੀਂ ਚੜ੍ਹ ਸਕਦਾ ਹੈ। ਮਨੁੱਖ ਜਿੰਨਾ ਵਧੇਰੇ ਪਰਮੇਸ਼ੁਰ ਵਰਗਾ ਬਣਨਾ ਚਾਹੁੰਦਾ ਹੈ, ਉਹ ਉੱਨਾ ਹੀ ਸ਼ਤਾਨ ਵਰਗਾ ਹੋ ਜਾਂਦਾ ਹੈ।

3. ਬਾਬਲ ਦੇ ਲੋਕਾਂ ਦੇ ਉੱਤੇ ਪਰਮੇਸ਼ੁਰ ਦਾ ਨਿਆਂ ਆਣ ਪਿਆ। ਉਸ ਨੇ ਉਨ੍ਹਾਂ ਦੀ ਭਾਸ਼ਾ ਦੇ ਵਿਚ ਗੜਬੜੀ ਪਾ ਦਿੱਤੀ ਅਤੇ "ਉਨ੍ਹਾਂ ਨੂੰ ਉੱਥੋਂ ਸਾਰੀ ਧਰਤੀ ਉੱਤੇ ਖਿੰਡਾ ਦਿੱਤਾ," ਅਤੇ ਉਨ੍ਹਾਂ ਦੇ ਸਾਂਝੇ ਵਿਦਰੋਹੀ ਯਤਨਾਂ ਨੂੰ ਖ਼ਤਮ ਕਰ ਦਿੱਤਾ (11:7-9)। ਪਰ, ਇਸ ਘਟਨਾ ਵਿਚ ਪਰਮੇਸ਼ੁਰ ਦੀ ਦਯਾ ਸਪੱਸ਼ਟ ਸੀ। ਇੱਕ ਵਾਰ ਫਿਰ, ਜਿਵੇਂ ਆਦਮ ਅਤੇ ਹੱਵਾਹ, ਕਇਨਅਤੇ ਪੁਰਾਤਨ ਸੰਸਾਰ ਦੇ ਖਾਤਿਆਂ ਵਿਚ, ਅਸੀਂ ਬੁਰਜ ਦੀ ਘਟਨਾ ਵਿਚ ਅਸੀਂ ਨਿਆਂ ਦੇ ਵਿਚਕਾਰ ਪਰਮੇਸ਼ੁਰ ਦੀ ਦਯਾ ਨੂੰ ਵੇਖਦੇ ਹਾਂ। ਜਦਕਿ "ਪਾਪ ਦੀ ਮਜੂਰੀ [ਸਜ਼ਾ] ਤਾਂ ਮੌਤ ਹੈ" (ਰੋਮੀਆਂ 6:23; ਵੇਖੋ ਉਤਪਤ 2:17), ਪੂਰੇ ਇਤਹਾਸ ਵਿਚ ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਨੂੰ ਜੋ ਮਾਰੇ ਜਾਣ ਦੇ ਯੋਗ ਸਨ ਜੀਵਨ ਦੇ ਹੋਰ ਕਈ ਸਾਲ ਦਿੱਤੇ, ਜਿਨ੍ਹਾਂ ਵਿਚ ਪਛਚਾਤਾਪ (ਤੋਬਾ) ਕਰਨ ਦੇ ਕਈ ਮੌਕੇ ਸ਼ਾਮਲ ਸਨ। ਪ੍ਰਭੂ ਧਰਤੀ ਉੱਤੇ ਮਨੁੱਖਾਂ ਦੇ ਸਰੀਰਕ ਜੀਵਨਾਂ ਦੇ ਦੌਰਾਨ ਹੀ ਆਪਣੇ ਸਾਰੇ ਖਾਤਿਆਂ ਦਾ ਨਿਬੇੜਾ ਨਹੀਂ ਕਰਦਾ ਹੈ। ਉਹ ਪਾਪੀ ਮਨੁੱਖਤਾ ਦੇ ਪ੍ਰਤੀ ਸਹਿਣਸ਼ੀਲ ਹੈਅਤੇ ਸਦਾ ਪਛਚਾਤਾਪ ਦੀ ਮੰਗ ਕਰਦਾ ਹੈ, ਤਾਂ ਜਿਨ੍ਹਾਂ ਲੋਕਾਂ ਨੂੰ ਉਸ ਨੇ ਆਪਣੀ ਸਮਾਨਤਾ ਤੇ ਰਚਿਆ ਹੈ ਉਹ ਅਨੰਤ ਕਾਲ ਦੇ ਲਈ ਨਾਸ ਨਾ ਹੋ ਜਾਣ (2 ਪਤਰਸ 3:9-13)।

ਪਰਮੇਸ਼ੁਰ ਨੇ ਪ੍ਰਾਚੀਨ ਬਾਬਲ ਦੇ ਲੋਕਾਂ ਨੂੰ ਮਜ਼ਬੂਰ ਨਹੀਂ ਕੀਤਾ ਕਿ ਉਸ ਨੂੰ ਪ੍ਰਤਿਉੱਤਰ ਦੇਣ ਅਤੇ ਉਹ ਲੋਕਾਂ ਨੂੰ ਮਜ਼ਬੂਰ ਨਹੀਂ ਕਰਦਾ ਕਿ ਉਹ ਉਨ੍ਹਾਂ ਦਾ ਪਾਲਣ ਕਰਨ। ਬਾਈਬਲ ਦਾ ਸਭ ਤੋਂ ਵੱਡਾ ਸੰਦੇਸ਼ ਇਹ ਹੈ ਕਿ ਪਰਮੇਸ਼ੁਰ ਪਾਪੀਆਂ ਨੂੰ ਪਿਆਰ ਕਰਦਾ ਹੈ। ਉਹ ਉਨ੍ਹਾਂ ਨੂੰ ਨਾਸ ਕਰਨਾ ਨਹੀਂ ਚਾਹੁੰਦਾ ਹੈ, ਸਗੋਂ ਉਨ੍ਹਾਂ ਨੂੰ ਬਚਾਉਣਾ ਚਾਹੁੰਦਾ ਹੈ। ਪਰਮੇਸ਼ੁਰ ਦੇ ਪ੍ਰੇਮ ਦਾ ਸਰਵਸ੍ਰੇਸ਼ਠ ਪ੍ਰਦਰਸ਼ਨ ਯਿਸੂ ਮਸੀਹ ਵਿਚ ਪਰਗਟ ਹੋਇਆ ਸੀ (ਯੂਹੰਨਾ 3:16-22; 5:24-29)। ਜਦਕਿ ਪਰਮੇਸ਼ੁਰ ਨੇ ਕਿਹਾ ਸੀ ਕਿ "ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ" ਤਾਂ ਕਿ "ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ" (2 ਕੁਰਿੰਥੀਆਂ 5:10), ਉਸ ਨੇ ਇਹ ਵੀ ਪੁਸ਼ਟੀ ਕੀਤੀ ਕਿ ਮੁੱਖ ਤੌਰ ਤੇ "ਪਰਮੇਸ਼ੁਰ ਦੀ ਦਿਆਲੂਤਾ" ਹੈ ਜੋ ਮਨੁੱਖ ਜਾਤੀ ਨੂੰ ਤੋਬਾ ਵੱਲ ਲੈ ਜਾਂਦਾ ਹੈ (ਰੋਮੀਆਂ 2:4-8)।

---

ਟਿੱਪਣੀਆਂ

[1]*ਦ ਕਰੀਏਸ਼ਨ ਐਪਿਕ* 6:52, 54, 58, 75. [2]ਸੁਮੇਰਿਅਨ ਕਹਾਣੀ ਨੂੰ "ਐਨਮਰਕਰ ਐਂਡ ਦ ਲਾਰਡ ਆਫ਼ ਅਰਾਤਾ" ਕਿਹਾ ਜਾਂਦਾ ਹੈ। ਇਸ ਲਿਖਤ ਦੇ ਅਨੁਵਾਦ ਦੇ ਲਈ, ਵਿਲੀਅਮ ਡਬਲਿਯੂ. ਹਾਲੋ ਦੀ ਪੁਸਤਕ ਦ *ਕਾਨਟੈਕਸਟ ਆਫ਼ ਸਕਰਿਪਚਰ* (ਬੋਸਟੋਨ: ਬਰਿਲ, 2003) ਦੇ ਸਫ਼ੇ 1:547-50 ਵੇਖੋ। [3]ਗੋਰਡੋਨ ਜੇ. ਵੈਨਹਮ, *ਜੈਨੇਸਿਸ 1-15*, ਵਰਡ ਬਿਬਲੀਕਲ ਕਮੈਂਟਰੀ, ਜਿਲਦ 1 (ਵਾਕੋ, ਟੈਕਸਾਸ: ਵਰਡ ਬੁਕਸ, 1987), 236-37. [4]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਆਕਸਫੋਰਡ: ਕਲੈਰਨਡਨ ਪ੍ਰੈਸ, 1962), 869. [5]ਵੇਖੋ 10:10; 11:2, 9; ਯਸਾਯਾਹ 11:11; ਦਾਨੀਏਲ 1:2; ਜ਼ਕਰਯਾਹ 5:11. LXX ਵਿੱਚ "ਬਾਬਲ" ਦੀ ਵਿਆਖਿਆ ਯਸਾਯਾਹ 11:11 ਵਿੱਚ "ਸ਼ਿਨਾਰ" ਦੇ ਰੂਪ ਵਿੱਚ ਅਤੇ ਜ਼ਕਰਯਾਹ 5:11 ਵਿੱਚ "ਸ਼ਿਨਆਰ ਦੇਸ" ਦੇ ਰੂਪ ਵਿੱਚ ਕੀਤੀ ਗਈ ਹੈ। [6]ਹੇਰੋਦੋਤੁਸ *ਹਿਸਟਰੀਜ਼* 1:181. [7]ਵੇਖੋ ਉਤਪਤ 6:4, ਜਿੱਥੇ "ਸੂਰਬੀਰ" ਦਾ ਸ਼ਾਬਦਿਕ ਤੌਰ ਤੇ ਅਰਥ ਹੈ "ਨਾਉਂ ਵਾਲੇ ਮਨੁੱਖ," ਅਰਥਾਤ ਉਨ੍ਹਾਂ ਨੇ ਹਿੰਸਾ ਅਤੇ ਬੁਰਾਈ ਵਿੱਚ ਇੱਕ ਨਾਉਂ (ਰੁਤਬਾ) ਕਮਾਇਆ ਸੀ (6:5, 11)। ਇਸ ਵਾਕ ਵਿੱਚ ਪ੍ਰਸਿੱਧ ਬਣਨ ਦਾ

ਵਿਚਾਰ ਹੈ, ਪਰ ਇਹ ਉਦੇਸ਼ ਅਤੇ ਕੰਮ ਤੇ ਨਿਰਭਰ ਕਰਦਾ ਹੈ ਕਿ ਇਹ ਇੱਕ ਚੰਗੇ ਜਾਂ ਬੁਰੇ ਭਾਵ ਵਿੱਚ ਵਰਤਿਆ ਜਾਂਦਾ ਹੈ (ਵੇਖੋ 2 ਸਮੂਏਲ 8:13; ਨਹਮਯਾਹ 9:10; ਯਿਰਮਿਯਾਹ 32:20)। ਉਤਪਤ 6:4 ਵਿੱਚ, ਉਦੇਸ਼ ਸਪੱਸ਼ਟ ਤੌਰ ਤੇ ਪਰਮੇਸ਼ੁਰ ਦੀ ਇੱਛਾ ਦੇ ਵਿਰੁੱਧ ਸੀ। [8]ਜੈਫਰੀ ਐਸ. ਰੋਜਰਸ ਦੀ ਪੁਸਤਕ “ਬਾਬੇਲ, ਟਾਵਰ ਆਫ,” ਇਨ *ਈਰਡਮੈਂਸ ਡਿਕਸ਼ਨਰੀ ਆਫ਼ ਦਿ ਬਾਈਬਲ*, ਸੋਧ, ਡੇਵਿਡ ਨੋਏਲ ਫਰੀਡਮੈਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਸ ਈਰਡਮੈਂਸ ਪਬਲਿਸ਼ਿੰਗ ਕੰਪਨੀ, 2000) ਦਾ ਸਫ਼ਾ 138 ਵੇਖੋ। [9]ਡੇਵਿਡ ਐਫ. ਪੇਨ, ਬਾਬੇਲ, ਟਾਵਰ ਆਫ਼ ਇਨ *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧ ਅਤੇ ਸੰਪਾਦਨ, ਜੀਓਫਰੀ ਡਬਲਿਯੂ. ਬਰੋਮਿਲੀ ਫਰੀਡਮੈਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਸ ਈਰਡਮੈਂਸ ਪਬਲਿਸ਼ਿੰਗ ਕੰਪਨੀ, 1979) ਦਾ ਸਫ਼ਾ 1.382 ਵੇਖੋ। [10]ਅਧਿਆਇ 11 ਵਿੱਚ ਨੂਹ ਦਾ ਨਾਮ ਨਹੀਂ ਹੈ; ਫਿਰ ਵੀ, ਮੱਤੀ ਨੇ ਇਹ ਤਰੀਕਾ ਵਰਤਿਆ ਜਦੋਂ ਉਸ ਨੇ ਯਕਾਨਯਾਹ ਨੂੰ ਦੋ ਵਾਰ ਗਿਣਿਆ: ਇੱਕ ਸਮੇਂ ਦੇ ਅੰਤ ਵਿੱਚ ਅਤੇ ਅਗਲੇ ਸਮੇਂ ਦੀ ਸ਼ੁਰੂਆਤ (ਮੱਤੀ 1:11, 12)।

[11]ਲੂਕਾ 3:34-38, ਅਬਰਾਹਾਮ ਦਾ ਨਾਮ ਸੂਚੀ ਵਿੱਚ ਆਦਮ ਤੋਂ ਲੈ ਕੇ ਇੱਕੀਵੀਂ ਪੀੜ੍ਹੀ ਵਿੱਚ ਆਇਆ ਹੈ, ਕਿਉਂਕਿ ਵੰਸ਼ਾਵਲੀਆਂ ਦੀ ਗਿਣਤੀ ਹਮੇਸ਼ਾ ਇੱਕੋ ਜਿਹੇ ਤਰੀਕੇ ਨਾਲ ਨਹੀਂ ਸੀ ਕੀਤੀ ਜਾਂਦੀ। ਉਹ ਅਕਸਰ ਚੋਣਾਤਮਕ ਹੁੰਦੀਆਂ ਸਨ, ਵਕਫਿਆਂ ਦੇ ਨਾਲ ਜਿੱਥੇ ਘੱਟ ਮਹੱਤਵਪੂਰਣ ਨਾਵਾਂ ਨੂੰ ਸੂਚੀ ਵਿੱਚੋਂ ਬਾਹਰ ਕੱਢ ਦਿਤਾ ਜਾਂਦਾ ਸੀ। [12]ਕੈਨੇਥ ਏ. ਮੈਥਿਊਜ਼ ਦੀ ਪੁਸਤਕ, *ਜੈਨੇਸਿਸ 1–11:26*, ਦ ਨਿਊ ਅਮੈਰੀਕਨ ਕਮੈਂਟਰੀ, ਜਿਲਦ 1A (ਨੈਸ਼ਵਿਲੇ: ਬਰੋਡਮੈਨ ਅਤੇ ਹੋਲਮੈਨ ਪਬਲਿਸ਼ਰਜ਼, 1996), ਵਿੱਚ ਸਫ਼ਾ 488 ਤੇ ਵੰਸ਼ਾਵਲੀ ਚਾਰਟ ਵੇਖੋ। [13]ਜੌਨ ਟੀ. ਵਿਲਸ, *ਜੈਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 200. [14]ਬਰਾਊਨ, ਡਰਾਈਵਰ ਅਤੇ ਬਰਿਗਸ, 974. [15]ਰਿਚਰਡ ਐਸ. ਹੈਸ, *ਦਿ ਐਂਕਰ ਬਾਈਬਲ ਡਿਕਸ਼ਨਰੀ* ਵਿੱਚ “ਸੀਰਗ,” ਸੋਧ. ਡੇਵਿਡ ਨੋਏਲ ਫਰੀਡਮੈਨ (ਨਿਊ ਯਾਰਕ: ਡਬਲਡੇਅ, 1992) 5:1117-18. [16]ਯੋਸ਼ਿਟਾਕਾ ਕੋਬਾਯਸ਼ੀ, *ਦਿ ਐਂਕਰ ਬਾਈਬਲ ਡਿਕਸ਼ਨਰੀ* ਵਿੱਚ “ਹਰਾਨ,” 3:58. [17]ਜੌਨ ਐਚ. ਵਾਲਟਨ ਦੀ “ਪੁਸਤਕ” ਇਨ *ਜ਼ੋਨਡੇਰਵਨ ਇਲਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਜੈਨੇਸਿਸ, ਐਕਸਡਸ, ਲੈਵੇਟਿਕਸ, ਨੰਬਰਸ, ਡਿਊਟਰੋਨੋਮੀ*, ਸੋਧ. ਜੌਨ ਐਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ, 2009) ਦੇ ਸਫ਼ੇ 61-63 ਤੇ ਊਰ ਵਿੱਚ ਮੀਨਾਰ ਦੀਆਂ ਫੋਟੋਆਂ ਦੇ ਨਾਲ ਬਾਬਲ ਵਿੱਚ ਮੀਨਾਰ ਦੀ ਮੁੜ ਰਚਨਾ ਦੀਆਂ ਤਸਵੀਰਾਂ ਵੇਖੋ। [18]ਵੇਨਹੈਮ, 273. [19]ਦ *ਵੈਸਟਮਿੰਸਟਰ ਕਨਫੈਸ਼ਨ ਆਫ਼ ਫੇਥ*, ਜੌਨ ਮੈਕਫਰਸਨ ਦੁਆਰਾ ਜਾਣ-ਪਛਾਣ ਅਤੇ ਨੋਟਸ ਦੇ ਨਾਲ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1881), 123.